

APRIL, 1978

WATNO DUR – 60c

P.O. Box 67681, Station 'O', Vancouver, B.C. V6W 3V2

**NOW—A LIFE INSURANCE POLICY THAT GUARANTEES EVERY CENT OF YOUR MONEY BACK**

***anytime you ask — after premiums have been paid and the policy has been in force for two years.***

SAVE MORE INCOME TAX THROUGH R.R.S.P.



BAKHSHISH S. DHILLON
B.A. B.T.
Sales Representative
Res. 873-3194

***For further information please feel free to call any one of us without obligation:***

*We also provide various other forms of insurance, such as:*

- Investment plans
- Mortgage Insurance
- Children's Educational Plans
- Accident & Sickness policy
- Registered Retirement Savings plans
- Travel insurance
- Annuity Plans, etc., etc.



RUPINDER AZAD M.A.
Unit Supervisor
Res. 430-1924
438-9146

**SEABOARD LIFE INSURANCE COMPANY**

202 - 4640 No. 3 rd. Richmond, B.C.
Office 273-2961

---

# A lot of people like the Royal Bank for Bonus Savings Accounts

(It's an interesting proposition)

ROYAL BANK
*serving*
British Columbia

BGS

**BOMBAY GROCERY STORE**

3950 MAIN STREET, VANCOUVER

874-3711

We are open 7 days a week
from 9:30 a.m. to 10 p.m.

*Special Discount for Weddings, Akhand Paths and other bulk orders!*



BCR

**Bombay Curry Restaurant**

*Licensed Premises*

3934 MAIN STREET, (23rd Ave.)
VANCOUVER

874-5722

Opens Mon. to Fri. 11:00 a.m. to 10:30 p.m.
Sat. and Sun. 10:00 a.m. to 10:00 p.m.

*Special Arrangements for Wedding Parties and other occasions!*

*A DIVISION OF*

**SHUKLA ENTERPRISES LTD.**

**Res. Phone: 685-2633**

FOR

LIFE INSURANCE

EDUCATION PLAN

MORTGAGE PLAN

Retirement registered Saving Plan
and all other kinds of insurance

**Contact**

**DALJIT SANDHU**


OF

**National Life of Canada**

Suite 501, 1155—West Pender Street
Vancouver, B.C. Phone: 685-7231

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ
ਅਤੇ ਤਜਰਬੇਕਾਰ ਸਹਾਇਕ:-

**ਦਲਜੀਤ ਸੰਧੂ**



**OFFICE:**
**685-7231**

**RESIDENCE:**
**278-0491**

## Giffin INSURANCE AGENCIES

#205-4381 FRASER ST.



**T S. DHALIWAL**
AT

SPECIALIST
GENERAL INSURANCE
HOME OWNER - BUSINESS

ਘਰਾਂ ਦੀ INSURANCE ਦੇ
ਰੇਟ ਘਟਣ ਲੱਗੇ ਹਨ। ਆਪਦੇ
ਘਰ ਦੀ ਇੰਸ਼ੋਰੈਂਸ ਦੇ ਰੇਟ ਜਾਣਨ
ਲਈ ਅੱਜ ਹੀ ਤੇਜਾ ਸਿੰਘ ਧਾਲੀਵਾਲ
ਨੂੰ ਫੂਨ ਕਰੋ ਜਾਂ ਮਿਲੋ।

**Res 584-1596**

**12961 92A Ave - Surrey**

**24 hrs. service**

**call 522-3907** **(Pager 307)**
**Leave your phone No.**

## INTERNATIONAL UNISEX HAIRSTYLING

INTRODUCES
ANOTHER SERVICE TO OUR CUSTOMERS
AND FRIENDS'

*SPECIALIZING IN*



- ★ **ELECTROLYSIS**
- ★ **PERMANENT HAIR REMOVAL**

ਤੁਸੀਂ ਪੰਜਾਬੀ ਵਿਚ ਜਾਂ ਕਿਸੇ ਵੀ ਭਾਰਤੀ
ਜ਼ਬਾਨ ਚ' ਗੱਲ ਕਰ ਸਕਦੇ ਹੋ।

**Phone 736-4727**

**2582 Alma St. Vancouver**

OPEN 5 DAYS A WEEK TUES. THRU SAT.

# Bains International Travel Service

***Contact Bains International Travel Service Ltd. for all your travel needs!***

## ADVANCE BOOKING CHARTERS TO:
## TORONTO, BRITAIN, EUROPE, HAWAII.

**Low fares offered to many destinations.**

*SATISFACTION GUARANTEED BY BOOKING WITH:*

# Bains International Travel Service Ltd.

**REMEMBER ... ONE CALL DOES IT ALL!!!**

*By Being IATA member we can issue your ticket for any airline while you wait.*

## 3 LOCATIONS TO SERVE YOU

| | | |
|---|---|---|
| | **CAPILANO MALL** | |
| **6364 FRASER STREET,** | **935 MARINE DRIVE** | **1710 DOUGLAS STREET** |
| **VANCOUVER, B.C.** | **NORTH VANCOUVER, B.C.** | **VICTORIA, B.C.** |
| **TEL: 324-2277** | **TEL: 980-0351** | **TEL: 386-6363** |

**WATNO DUR**
P.O. Box 67681
Postal Stn. 'O'
Vancouver, B.C.
V5W 3V2

VOL. 6, NO. 57 APRIL, 1978
2nd Class Mail Reg. No. 3233
ANNUAL SUBSCRIPTION: Canada-U.S.A. $ 7.00
Other SEA $ 7.00
Countries AIR $10.00

**EDITORIAL BOARD:**
Surinder Dhanjal, 256-1067
Ajmer Rodey, 438-7793
Amarjit Chahal, 892-3085

**MANAGING EDITORS:**
Raghbir Mand, 325-9564
Paul Binning, 879-3339

**EDITOR:**
Sadhu, 437-9014

**ADVERTISING EDITORS:**
Rupinder Azad M.A., 430-1924 - 438-9146
Karamjit Ghuman, 321-6081

**WATNO DUR REPRESENTATIVES:**
Iqbal Ramuwalia, Waterloo (884-7131)
*Sarwan Boal, Montreal (679-8132)*
Latt Bhinder, Edmonton (462-6431)
Gurcharan Tallewalia, Richmond (271-4742)
K. S. Chaman, Calgary (248-2841)
Gill Avtar, Calgary (279-6510)
Dave Jatana, Prince Rupert
Harnek Mann, Pr. George (564-6245)
G. S. Bains, Williams Lake (392-3698)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Jasbir Chahal, Victoria (385-4996)

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*

## ਇਸ ਅੰਕ ਵਿਚ

### ਕਵਿਤਾ

ਸੰਤ ਰਾਮ ਉਦਾਸੀ 6
ਇਕਬਾਲ ਦੀਪ 7
ਵਿਸ਼ਵਾਸ ਅਜ਼ਰ 7
ਹਰਭਜਨ ਮਾਂਗਟ 7
ਲਾਟ ਭਿੰਡਰ 8
ਦਾਰਾ ਸਿੰਘ ਸੰਘਾ 8
ਹਰਦੇਵ ਵੜੈਚ 9
ਬਲਦੇਵ ਚੀਮਾ 9
ਮਹਿੰਦਰ 10
ਦਵਿੰਦਰ ਜੋਸ਼ 10
ਗੁਰਦੀਪ ਸੰਧੂ 10

### ਕਹਾਣੀਆਂ

ਅਮਰਜੀਤ ਚਾਹਲ 11
ਦਵਿੰਦਰ ਦੀਦਾਰ 15
ਕਾਲੀ ਦਾਸ ਸੇਨ 36
ਫਯੂਧਾਰਕ ਮੌਸਵਾਸੀ 36

### ਨਾਟਕ

ਗੁਰਸ਼ਰਨ ਸਿੰਘ 22

### ਲੇਖ

ਅਮੰਧਰਾ ਦਾ ਤੂਫ਼ਾਨ 25
ਉੱਜਲ ਦੋਸਾਂਝ 30
ਬਲਵੀਰ ਸਿੰਘ ਫੇਰਸ 33

### ਸਥਾਈ ਕਾਲਮ

ਆਪਣੇ ਲੋਕ 13
ਦਰਪਣ 20
ਇੰਝ ਵੀ ਹੁੰਦਾ ਹੈ 21
ਸੰਜੀਵਨੀ ਬੂਟੀ 34

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
ਵਿਚਾਰ ਲੇਖਕਾਂ ਦੇ ਆਪਣੇ ਨਿੱਜੀ ਹਨ।

# ਸੁਧਰ ਚੁੱਕਿਆ ਹਵਾਲਾਤੀ

-ਸੰਤ ਰਾਮ ਉਦਾਸੀ

ਮੈਂ ਐਮਰਜੰਸੀ ਹਵਾਲਾਤੀਆਂ ਵਿਚੋਂ
ਇਕ ਸੁਧਰ ਚੁਕਿਆ ਹਵਾਲਾਤੀ ਲਿਖ ਰਿਹਾ ਹਾਂ
ਲਿਖਤਮ : ਸੁਧਰ ਚੁਕਿਆ ਹਵਾਲਾਤੀ
ਪੜ੍ਹਤਮ : ਮੇਰੇ ਪਿਆਰੇ ਵੀਰੋ ! ਪੁਤਰੋ !! ਤੇ ਨਗਰ ਵਾਸੀਓ !!!
ਤੁਹਾਨੂੰ ਮੇਰੇ ਤੇ ਰੋਸ ਹੋਏਗਾ
ਕਿਉਂਕਿ ਮੈਂ ਆਪ ਨੂੰ ਇੰਨਾ ਚਿਰ
ਕੋਈ ਖ਼ਤ ਨਹੀਂ ਪਾ ਸਕਿਆ
ਕਾਰਨ ?
ਕਾਰਨ ਬੜਾ ਸਾਫ਼ ਹੈ
"ਮੈਨੂੰ ਆਜ਼ਾਦੀ ਸਮੇਂ ਤੋਂ ਸਰਕਾਰ ਦੀਆਂ ਪ੍ਰਾਪਤੀਆਂ"
ਇਕ ਦੂ ਵਾਦਿਓਂ ਪੜ੍ਹਨੀਆਂ ਪੈ ਗਈਆਂ ਸਨ
ਤੁਹਾਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਏਗੀ
ਕਿ ਮੈਂ ਐਤਕੀਂ ਕਾਮਰੇਡਾਂ ਦੇ ਟੇਟੇ ਨਹੀਂ ਚੜ੍ਹਿਆ ।
ਉਹ ਮੈਨੂੰ ਬਥੇਰਾ ਦਖਾਉਂਦੇ ਰਹੇ
'ਆਮ' ਕੈਦੀਆਂ ਦੀ ਦਾਲ ਤੇ ਤਰਦੀਆਂ ਸੁੰਡੀਆਂ
ਤੇ 'ਖਾਸ' ਕੈਦੀਆਂ ਲਈ ਜਿਹਲ ਵਿਚ ਉੱਸਰੇ ਹੋਏ ਬੰਗਲੇ
ਪਰ ਫੇਰ ਵੀ ਮੈਥੋਂ
ਸਰਕਾਰ ਦੀ ਨਿਰਪੱਖਤਾ ਦਾ ਸਨਮਾਨ ਕਰਨੋਂ ਰਿਹਾ ਨਾ ਗਿਆ ।

ਹੁਣ ਮੈਂ ਸਮਝ ਗਿਆ ਹਾਂ
ਕਿ ਆਪਣੇ ਪਿੰਡ ਦੇ ਅਮਰੀਕਾ ਵਾਲਿਆਂ ਦੀ ਕੁੜੀ
ਤੇ ਗੋਹਾ ਸੁਟਦੀ ਬੰਤੋ ਵਿਚਲਾ ਫ਼ਰਕ
ਪੂਰਬਲੇ ਕਰਮਾਂ ਦਾ ਫ਼ਲ ਹੈ ।
ਸਾਇੰਸ ਦੇ ਵਿਦਿਆਰਥੀਆਂ ਲਈ
ਸਾਧਾਂ ਦੇ ਜਲ-ਧਾਰੇ ਤੋਂ ਲੈ ਕੇ
ਝੋਨਾ ਵਢਵਾਉਣ ਤਕ ਦਾ ਸਲੇਬਸ
ਸਮਾਜ ਵਿਰੋਧੀ ਅਨਸਰ ਦੇ ਖਾਤਮੇ ਲਈ
ਪਰਸ ਰਾਮ ਦਾ ਕੁਹਾੜਾ ਹੈ ।
ਹੁਣ ਮੈਂ ਸਮਝ ਗਿਆ ਹਾਂ
ਕਿ ਰੋਜ਼ੀ ਤੋਂ ਆਡਾ ਗੁਰਦੁਆਰੇ ਦੇ ਲੰਗਰ ਤੇ ਪਲਣ ਵਾਲਾ ਰਲਦੂ
ਕਿਵੇਂ ਸੱਜ ਪਿਛਾਕੜ ਹੈ ।
ਤੇ ਸੜਕਾਂ, ਪਿੰਡਾਂ ਤੇ ਚੌਂਕਾਂ ਦੇ ਨਾਂਅ
ਧਰਮ ਦੇ ਨਾਂਅ ਤੇ ਰੱਖਣ ਵਾਲਾ ਅਕਸਰ
ਕਿਵੇਂ ਅਗਾਂਹ ਖੜ੍ਹਾ ਹੈ ।
ਤੁਸੀਂ ਮੇਰਾ ਕੋਈ ਫ਼ਿਕਰ ਨਾ ਕਰਨਾ
ਮੈਂ ਬਾਹਰ ਨਾਲੋਂ ਜੇਲ੍ਹ ਵਿਚ ਕਈ ਦਰਜੇ ਸੌਖਾ ਹਾਂ
ਵਿਹੜੇ ਵਾਲਿਆਂ ਨੂੰ ਆਖਣਾ
ਉਹ ਮੰਡੀਓਂ ਮੁੜੇ ਜੱਟਾਂ ਮੂਹਰੇ ਕੱਛਾਂ ਵਜਾਉਣ
ਤੇ ਉਹਨਾਂ ਦੀ ਸਸਤੀ ਕਪਾਹ ਵਿਕੀ ਸੁਣ ਕੇ
ਲੈ ਲੈਣ ਹਰੀਜਨ ਨਾਕਾਂ ਬੰਦੀ ਦਾ ਹੱਕ ।
ਪਿੰਡ ਦੇ ਸੂਦ ਖੋਰਾਂ ਨੂੰ ਆਖਣਾ
ਉਹ ਮਲੰਗ ਜੱਟਾਂ ਨੂੰ ਕਰਜ਼ਾ ਨਾ ਦੇਣ
ਕਿਉਂਕਿ ਸਰਕਾਰ ਨੇ ਚਲਾ ਦਿੱਤੀ ਹੈ
ਕਰਜ਼ਾ ਮੁਕਤ ਕਰਾਉ ਮੁਹਿੰਮ
ਤੇ ਇਸ ਮੁਹਿੰਮ ਦੀ ਅਗਵਾਈ ਕਰ ਰਹੀ ਹੈ
ਭਾਰਤੀ ਕਮਿਊਨਿਸਟ ਪਾਰਟੀ ।
ਮੇਰੀ ਪਤਨੀ !
ਹੁਣ ਤੂੰ ਨਾ ਜਾਇਆ ਕਰ ਸ਼ਹਿਰ 'ਚੋਂ ਖਰੀਦਣ ਮਹਿੰਗੀਆਂ ਚੀਜ਼ਾਂ
ਕਿਉਂਕਿ ਸਰਕਾਰ ਨੇ ਕਦੋਂ ਦਾ ਪਾਸ ਕਰ ਦਿੱਤਾ ਹੈ
ਭੂਮੀ ਸੁਧਾਰ ਬਿੱਲ ।
ਤੇ ਆਪਾਂ ਮਲੋਂਦੀਏ ਸਰਦਾਰ ਦੇ ਮੁਰੱਬਿਆਂ 'ਚੋਂ
ਕਟਾ ਲਵਾਂਗੇ ਨਿਆਈਂ ਵਾਲਾ ਟੱਕ ।
ਜੱਟ ਤਾਂ ਕਮਲੇ ਹਨ
ਜੋ ਘਰੇ ਨਹੀਂ ਉਗਾ ਸਕਦੇ ਆਪਣੇ ਨਿੱਤ ਵਰਤੋਂ ਦੀਆਂ ਚੀਜ਼ਾਂ ।
ਕਿਉਂਕਿ ਗਡੀਹਰੇ ਤੋਂ ਲੈ ਕੇ ਟਰੈਕਟਰ ਤਕ ਦੀ ਮਸ਼ੀਨ
ਮੱਖਣ ਤੋਂ ਲੈ ਕੇ ਗਰੀਸ ਤੇ ਮੁਬਲਾਇਲ ਤਕ ਦਾ ਤੇਲ
ਗੋਹੇ ਤੋਂ ਲੈ ਕੇ ਡਾਇਆ ਮੋਨੀਆ ਤਕ ਦਾ ਖਾਦ
ਤ੍ਰਿਫਲੇ ਤੋਂ ਲੈ ਕੇ ਪੈਨਸਲੀਨ ਤਕ ਦੀ ਦਵਾਈ
ਖੱਦਰ ਤੋਂ ਲੈ ਕੇ ਟੈਰਾਲੀਨ ਤਕ ਦਾ ਕੱਪੜਾ
ੳ, ਅ ਤੋਂ ਲੈ ਕੇ ਪੀ. ਐਚ. ਡੀ. ਦੀ ਡਿਗਰੀ ਤਕ ਦੀਆਂ ਜਮਾਤਾਂ
ਗਿੱਧੇ ਤੋਂ ਲੈ ਕੇ ਟੈਲੀਵੀਜ਼ਨ ਤਕ ਦਾ ਮਨੋਰੰਜਨ
ਗੱਲ ਕੀ ਸਹੁਰਿਆਂ ਤੋਂ ਲੈ ਕੇ ਪੇਕਿਆਂ ਤਕ ਦੀਆਂ
ਸਾਰੀਆਂ ਰਿਸ਼ਤੇਦਾਰੀਆਂ
ਭਲਾ ਕੀ ਨਹੀਂ ਉਗਾਇਆ ਜਾ ਸਕਦਾ
ਸਰਕਾਰ ਵਲੋਂ ਕੱਟੇ ਹੋਏ 'ਪਲਾਟਾਂ' ਵਿਚਕਾਰ ।
ਆਪਣੇ ਪਿੰਡ ਦੇ ਇਨਾਮੀਏ ਢ. ਰ ਨੂੰ ਕਹਿਣਾ
ਕਿ ਮੁਖਬਰਾਂ ਦੇ ਖ਼ਿਲਾਫ਼ ਲਿਖਣਾ ਮੇਰਾ ਮੁੰਡ-ਪੁਣਾ ਸੀ
ਕਿਉਂਕਿ ਭਾਰਤੀ ਲੋਕ-ਰਾਜ ਆਜ਼ਾਦ ਕਾਰੋਬਾਰ ਦੀ ਖੁਲ੍ਹ ਦਿੰਦਾ ਹੈ
ਨਾਲੇ ਜੇ ਸਰਕਾਰ ਦੀਆਂ ਬਦ-ਫੈਲੀਆਂ
ਲੋਕਾਂ ਨੂੰ ਦਸਣੀਆਂ ਦੇਸ਼ ਭਗਤੀ ਹੈ
ਤਾਂ ਦੇਸ਼ ਭਗਤਾਂ ਦੀਆਂ ਹਰਕਤਾਂ
ਸਰਕਾਰ ਤਕ ਪੁਚਾਣਾ ਕਿਵੇਂ ਦੇਸ਼ ਭਗਤੀ ਨਹੀਂ ?
ਲਿਖਣ ਲਈ ਤਾਂ ਬੇਸ਼ਕ ਬਹੁਤ ਕੁਝ ਬਾਕੀ ਹੈ ਹਾਲੇ
ਪਰ ਕਾਮਰੇਡ ਮਾਂਦੇ ਨੂੰ ਐਨਾ ਜ਼ਰੂਰ ਪੁਛਣਾ
ਕਿ ਤੁਸੀਂ ਕਿਵੇਂ ਕਹਿੰਦੇ ਹੋ ਦੇਸ਼ ਨੇ ਤਰੱਕੀ ਨਹੀਂ ਕੀਤੀ
ਤੇ ਵਿਗਿਆਨ ਨੇ ਦਿੱਤਾ ਹੈ ਕੇਵਲ
ਸਰਮਾਏਦਾਰੀ ਦਾ ਹੀ ਸਾਥ
ਉਸ ਨੂੰ ਕਹਿਣਾ !

ਕਿ ਹੁਣ ਤਾਂ ਵਿਗਿਆਨ ਨੇ ਗੁਰਦਵਾਰੇ ਵੀ ਬਣਾ ਦਿੱਤੇ ਹਨ ਆਟੋਮੇਟਿਕ
ਕਿਉਂਕਿ ਰਾਗੀ ਸਮੁੰਦ ਸਿੰਘ ਦੇ ਕੀਰਤਨ ਤੋਂ ਲੈ ਕੇ
ਚੌਂਕੀਦਾਰ ਦੇ ਹੋਕੇ ਤਕ ਦੀ ਡਿਊਟੀ
ਭਾਈ ਜੀ ਬੜੀ ਚੰਗੀ ਤਰ੍ਹਾਂ ਨਿਭਾਅ ਸਕਦਾ ਹੈ
ਰਜ਼ਾਈ ਵਿਚ ਬੈਠ ਕੇ ਹੀ।
ਬੱਚਿਓ !
ਤੁਸੀਂ ਰੋਣਾ ਨਹੀਂ ਗੁਆਂਢੀਆਂ ਦੇ ਬੱਚੇ ਨੂੰ
ਸਿਓ ਖਾਂਦਿਆਂ ਵੇਖ ਕੇ।
ਕਿਉਂਕਿ ਠੰਢੇ ਸੇਬ ਠੰਢ ਵਿਚ ਖਾਣੇ ਚੰਗੇ ਨਹੀਂ ਹੁੰਦੇ
ਬੱਬੀ ਤਾਂ ਇਸ ਕਰਕੇ ਖਾਂਦਾ ਹੈ
ਕਿ ਉਸ ਦੇ ਸਿਰ ਤੋਂ ਪੈਰਾਂ ਤੀਕ ਗਰਮ ਸੂਟ ਹੈ
ਬੁੱਢੀ ਬੇਬੇ ਨੂੰ ਆਖਣਾ
ਕਿ ਹੁਣ ਮੈਂ ਤੇਰੇ ਜਿਉਣ ਤਕ
ਤੇਰੇ ਕੋਲ ਹੀ ਰਹਾਂਗਾ
ਤੇ ਪੂਰੇ ਕਰਦਾ ਰਹਾਂਗਾ
ਵਿਆਹ ਕਰਾਉਣ, ਬੱਚੇ ਜਮਾਉਣ ਤੇ ਪਾਲਣ ਪੜ੍ਹਾਉਣ ਦੇ ਫਰਜ਼
ਤੇ ਸਰਕਾਰ ਲਈ ਬਣਿਆ ਰਹਾਂਗਾ
ਇਕ ਸਭਿਆ ਮਨੁੱਖ
ਮੈਂ ਐਮਰਜੰਸੀ ਹਵਾਲਾਤੀਆਂ ਵਿਚੋਂ
ਇਕ ਸੁਧਰ ਚੁਕਿਆ ਹਵਾਲਾਤੀ
ਬੋਲ ਰਿਹਾ ਹਾਂ।

## ਵਾਛੜ

ਇਕਬਾਲ ਦੀਪ/(ਦਿੱਲੀ)

ਪ੍ਰਸ਼ੰਸਾ ਦੀ ਵਾਛੜ ਤੋਂ ਬਚ ਨਿਕਲਣਾ
ਕਿਸੇ ਦੂਜੀ ਦੁਨੀਆਂ ਦਾ ਕਮਾਲ
ਮੈਂ ਤਾਂ ਖ਼ੈਰ ਅੰਨ ਦਾ ਕੀੜਾ ਹਾਂ
ਕਾਗਜ਼ ਦੇ ਫੁੱਲਾਂ 'ਚੋਂ ਆਉਂਦੀ ਮਹਿਕ
ਕਿਵੇਂ ਪਰ ਮੰਨ ਲਵਾਂ।
ਗੋਲੇ ਕਬੂਤਰਾਂ ਦੇ ਪੈਰੀਂ ਝਾਂਜਰਾਂ ਕਿਸ ਪਾਈਆਂ ਨੇ
ਮਿੱਠੇ ਸ਼ਬਦਾਂ ਦਾ ਚੋਗਾ ਐਵੇਂ ਨਾ ਖਲਾਰ
ਆਪਣੀ ਉਡਾਰੀ ਤਾਂ ਉਸ ਪਾਰ
ਆਪਾਂ ਤਾਂ ਸਿਮਰਨਦੇ ਫਿਰਨੈਂ
ਗੁਟਰਗੂੰ ਗੁਟਰ - ਗੂੰ ਇਕਸਾਰ

ਪਰ ਤੇਰੇ ਗਲ ਦੀ ਗਾਨੀ ਕਿਥੇ ਐ?
ਜੇ ਤੈਨੂੰ ਦਿਨ ਦੇ ਚਾਨਣ ਵਾਂਗ ਸਾਫ਼ ਕਰ ਦਿਆਂ
ਮੈਥੋਂ ਤੇਰੇ ਲਈ ਕੁਰਕੀ ਬਣ ਨੀ ਹੋਣਾ
ਤਾਂ ਤੂੰ ਵੀ ਨਿੰਦਕਾਂ ਦੀ ਭੀੜ 'ਚ ਜੁੜ ਹੀ ਜਾਣੈ
ਅਰ ਖੰਭਾਂ ਨੂੰ ਤਾਰ ਬਣਾਉਣੈਂ।

ਵਾਛੜ ਦੀ ਕੋਈ ਦਿਸ਼ਾ ਨਹੀਂ ਹੁੰਦੀ
ਇਹ ਤਾਂ ਵਾਅ ਸੰਗ ਰੁਖ ਬਦਲਦੀ
ਬਰਸਾਤ ਦਾ ਮੌਸਮ ਜੁ ਹੋਇਆ।

## ਅੰਨ੍ਹੇ

ਵਰਿਆਮ ਅਸਰ - ਅੰਮ੍ਰਿਤਸਰ

ਇਕ ਦਿਨ ਮੈਂ ਬਹੁਤ ਖ਼ਾਮੋਸ਼ ਸਾਂ।
ਉਸ ਦਿਨ ਮੈਂ ਕਿਹਾ:
ਮੈਨੂੰ ਜਾਪਦਾ ਹੈ—
ਸਮੁੰਦਰ ਸ਼ਹਿਰ ਵੱਲ ਤੁਰਿਆ ਆ ਰਿਹਾ ਹੈ।
ਪਰ ਕਿਸੇ ਨੂੰ ਯਕੀਨ ਨਾ ਆਇਆ।
ਸਗੋਂ ਸ਼ਹਿਰ ਵਿਚ
ਇਸ ਗੱਲ ਦਾ ਸ਼ੋਰ ਮਚ ਗਿਆ
ਕਿ ਸਾਡੇ ਸ਼ਹਿਰ ਵਿਚ ਜਾਸੂਸ ਫਿਰਦਾ ਹੈ।
ਗਲਤ ਗੱਲਾਂ ਕਰਕੇ, ਸ਼ਹਿਰ ਵਿਚ ਦਹਿਸ਼ਤ
ਫੈਲਾ ਰਿਹਾ ਹੈ।
ਇਹ ਸ਼ਹਿਰ ਤੁਹਾਡਾ ਨਹੀਂ ਹੈ।
ਇਹ ਸ਼ਹਿਰ ਮੇਰਾ ਹੈ,
ਮੇਰੇ ਸ਼ਹਿਰ ਨੂੰ ਸਮੁੰਦਰ ਦੀ ਲੋੜ ਨਹੀਂ—
ਮੈਂ ਆਖਣਾ ਚਾਹੁੰਦਾ ਸਾਂ,
ਪਰ ਇਸ ਤੋਂ ਪਹਿਲਾਂ ਹੀ
ਸ਼ਹਿਰ ਵਿਚ ਸ਼ੋਰ ਮਚ ਗਿਆ:
ਕਿ ਉਹ ਕਿਥੇ ਹੈ? ਉਸ ਨੂੰ ਜਾਣ ਨਾ ਦਿਓ।
ਸ਼ਹਿਰ 'ਚ ਮੈਨੂੰ ਲੱਭਣ ਲਈ ਲੋਕ
ਹਲਕਾਇਆਂ ਵਾਂਗ ਨੱਸਣ ਲੱਗੇ;
ਸ਼ਹਿਰ 'ਚ ਬੜਾ ਸ਼ੋਰ ਸੀ

ਸਮੁੰਦਰ ਸ਼ਹਿਰ ਵਿਚ ਪਹੁੰਚ ਚੁੱਕਾ ਸੀ।
ਤੇ ਲੋਕ ਮੱਛੀਆਂ ਦੀ ਤਰ੍ਹਾਂ ਸਨ।
ਸਮੁੰਦਰ ਦੇ ਕੰਢੇ
ਮੱਛੀਆਂ ਵਾਸਤੇ ਜਾਲ ਲੈ ਕੇ ਵੀ ਲੋਕ
ਪਹੁੰਚ ਚੁੱਕੇ ਸਨ।
ਲੋਕ— ਜਿਹੜੇ ਸ਼ੋਰ ਮਚਾ ਰਹੇ ਸਨ;
ਕਿ ਉਸ ਨੂੰ ਜਾਣ ਨਾ ਦਿਓ;
ਖ਼ਬਰਦਾਰ ਰਹੋ, ਖ਼ਬਰਦਾਰ ਰਹੋ!

## ਗ਼ਜ਼ਲ

ਹਰਭਜਨ ਸਿੰਘ 'ਮਾਂਗਟ'

ਦੇਵੋ ਨਾ ਸਾਨੂੰ ਡਰਾਵੇ ਦਾਰ ਦੇ।
ਇਸ਼ਕ ਵਾਲੇ ਹਸਕੇ ਜਾਨਾਂ ਵਾਰ ਦੇ।
ਇਹ ਹਕੀਕਤ ਵਾਂਗ ਸੂਰਜ ਚਮਕਦੀ,
ਫੁਲ ਸਦਾ ਖਿੜਦੇ ਨੇ ਉਤੇ ਖ਼ਾਰ ਦੇ।
ਕਤਲ ਹੋ ਜਾਵੇ ਉਹ ਜਿਸ ਨੂੰ ਦੇਖਦੇ,
ਜ਼ੁਲਫ਼ਾਂ ਵਾਲੇ ਇਸ ਤਰ੍ਹਾਂ ਹੀ ਮਾਰਦੇ।
ਓਹੀ ਓੜਕ ਮੰਜ਼ਲ ਤੇ ਜਾ ਪੁਜਦੇ,
ਹਾਰ ਕੇ ਵੀ ਦਿਲ ਨਾ ਜਿਹੜੇ ਹਾਰਦੇ।
'ਮਾਂਗਟ'ਵਰਗੇ ਦੀਨ ਦੁਨੀਆਂ ਭੁਲ ਗਏ,
ਦੋ ਕੁ ਜਲਵੇ ਵੇਖੇ ਅਜੇ ਪਿਆਰ ਦੇ।

# ਗੋਰੀ ਕੁੜੀ ਦਾ ਸ਼ਹਿਰ

-ਲਾਟ ਭਿੰਡਰ /ਐਡਮੰਟਨ

ਚਾਨਣ ਦਿਨ ਦੇ ਸੂਰਜ ਦਾ ਹੋਵੇ
ਜਾਂ ਪੁੰਨਿਆਂ ਦੇ ਚੰਨ ਦਾ
ਜਾਂ ਚੌਂਕ 'ਚ ਲੱਗੇ ਖੰਭੇ ਦੇ ਬਲਬ ਦਾ
ਕਿਸੇ ਹਾਣੀ ਦੀਆਂ ਬਾਹਵਾਂ 'ਚ ਬਾਹਵਾਂ ਪਾਈ
ਗੋਰੀ ਕੁੜੀ ਜਦ ਮੁਸਕਰਾਉਂਦੀ ਹੈ
ਲਾਗਲੇ ਪਿੰਡ ਦੀ ਜੂਹ 'ਚੋਂ
ਤੌੜੀ ਲੈ ਕੇ ਲੰਘਦੀ
ਕਿਸੇ ਮੁਟਿਆਰ ਦੀ ਸ਼ਕਲ
ਉਦੋਂ ਹੀ ਯਾਦ ਆਉਂਦੀ ਹੈ
ਉਸ ਕੁੜੀ ਦਾ ਭੋਲਾ ਸੁੱਚਪਣ
ਕੋਲੋਂ ਲੰਘਦੇ ਹਾਣੀ ਦੀਆਂ ਬਾਹਵਾਂ 'ਚ
ਚਾਹੁੰਦਿਆਂ ਹੋਇਆਂ ਵੀ ਆ ਨਹੀਂ ਸਕਦਾ
ਤਾਂ ਮੈਨੂੰ ਸਭਿਅਤਾ ਆਪਣੀ
ਉਦੋਂ ਬੀਮਾਰ ਲਗਦੀ ਹੈ।
ਪਰ ਵੀਕਐਂਡ ਤੇ ਜਦ
ਬੀਅਰ ਪਾਰਲਰ 'ਚੋਂ ਨਿਕਲੀ
ਗੋਰੀ ਕੁੜੀ ਕੋਈ
ਨਵੇਂ ਹਾਣੀ ਆਪਣੇ ਦੇ ਨਾਲ
ਮਦਹੋਸ਼ੀ ਦੀ ਹਾਲਤ ਵਿਚ
ਵੈਨ ਉਹਦੀ 'ਚ ਜਾ ਬਹਿੰਦੀ ਹੈ
ਤਾਂ ਦੂਰ ਦੁਨੀਆਂ ਤੋਂ ਉਹਲੇ
ਵੈਨ ਕਿਧਰੇ ਜਾ ਖਲੋਂਦੀ ਹੈ;
ਕਿਸੇ ਚੰਨ ਦੇ ਸਾਹਮਣੇ ਜਿਵੇਂ
ਕਾਲੀ ਬਦਲੀ ਕੋਈ ਆ ਖਲੋਂਦੀ ਹੈ
ਹਨੇਰੇ 'ਚ ਖੜ੍ਹੋਤੀ ਵੈਨ ਵਿਚ
ਚਿੱਟਾ ਹਾਸਾ ਹੱਸਦੀ ਹੈ।
ਜਾਂ ਫਿਰ ਕਿਧਰੇ
ਪ੍ਰਦੇਸੀ ਅਖਬਾਰਾਂ 'ਚ ਜਦ
ਕਿਸੇ ਅਫਰੀਕੇ ਬੱਚੇ ਦੇ
ਕਤਲ ਦੀ ਖਬਰ ਛਪਦੀ ਹੈ
ਫਿਰ ਉਸ ਦੇਸ਼ ਦੇ
ਗੋਰੀ ਕੁੜੀ ਦੇ ਸ਼ਹਿਰ ਦੀ ਸਭਿਅਤਾ
ਡਰਾਉਣੀ ਬਹੁਤ ਲਗਦੀ ਹੈ
ਤੇ ਲਾਗਲੇ ਪਿੰਡ ਦੀ ਕੁੜੀ ਦੀ
ਭੋਲੀ ਸੂਰਤ ਮਨ ਨੂੰ ਬਹੁਤ ਭਾਉਂਦੀ ਹੈ
ਮਾਸੂਮੀਅਤ ਉਸ ਦੀ
ਗੋਰੀ ਕੁੜੀ ਨੂੰ ਮਾਤ ਪਾਉਂਦੀ ਹੈ
ਤੇ ਡਰਾਉਣੀ ਸਭਿਅਤਾ ਦੀ ਗੋਰੀ ਕੁੜੀ ਦੀ
ਮੌਸਮੀ ਹਾਣੀ ਦੀਆਂ ਬਾਹਵਾਂ 'ਚ ਲਈ ਮੁਸਕਰਾਹਟ
ਰੂਹ ਅੱਖੀਂ ਚੋਭ ਪਾਉਂਦੀ ਹੈ।

# ਗ਼ੁਲਾਮ ਖ਼ੂਨ

-ਦਾਰਾ ਸਿੰਘ ਸੰਘਾ
(ਟੈਰੇਸ)

ਮੰਜ਼ਿਲ ਦੇ ਪੰਧ ਤੇ ਤੁਰਨਾ ਹੀ ਪਵੇਗਾ,
ਵਰਨਾ ਜੀਣ ਦਾ ਸ਼ਿਕਵਾ ਹੀ ਰਹੇਗਾ।
ਬਣਦੇ ਟੁਟਦੇ ਰਿਸ਼ਤੇ ਹਨ,
ਦੁਨੀਆਂ ਦਾ ਚਲਣ ਦਾ ਅਸੂਲ।
ਤੁਹਾਡੀ ਇਸ ਸ਼ਰਾ ਨੂੰ,
ਕਰੇਗਾ ਹਰ ਕੋਈ ਨਹੀਂ ਕਬੂਲ।

ਪਿਆਰ ਦਾ ਹੈ ਰਸਤਾ,
ਤੁਰਨੇ ਦੀ ਹੈ ਸੋਚ।
ਮਜ਼ਲੂਮਾਂ ਤੇ ਹੱਸਣਾ,
ਗ਼ਦਾਰਾਂ ਦਾ ਹੈ ਖੇਲ।
ਬਣਨਾ ਯਾਰ ਦਸੋ ਕਸਾਈਦੇ,
ਚੰਗਾ ਨਹੀਂ ਦਸਤੂਰ।
ਮਨ ਨੂੰ ਕਰਕੇ ਪੀਤਿਆਂ,
ਇਨ੍ਹਾਂ ਨੂੰ ਪਰਖਾਂਗੇ ਜ਼ਰੂਰ।
ਕੰਡਿਆਲੇ ਹਨ ਰਸਤੇ,
ਜਿਨ੍ਹਾਂ ਦੀ ਕਰਦੇ ਚਾਹ।
ਸਿਧਾਂਤ ਨੂੰ ਪੱਕਾ ਰੱਖਣ ਦੀ
ਅਸੀਂ ਹੈ ਲਾਉਣੀ ਦਾਹ।

ਰੂਹਾਂ ਪਿਆਰ ਵਿਹੂਣੀਆਂ,
ਕਰਦੀਆਂ ਰਹਿਣਾ ਸ਼ੋਰ।
ਤੁਰਨੇ ਦੀ ਕੋਈ ਲੋੜ ਨਹੀਂ,
ਚਲ ਸਕੇ ਨਾ ਇਨ੍ਹਾਂ ਦਾ ਜ਼ੋਰ।
ਸਿਲਸਿਲਾ ਗ਼ੁਲਾਮ ਖ਼ੂਨ ਦਾ,
ਅਜ ਦਾ ਹਿੰਦੁਸਤਾਨ।
ਹੌਲੀ ਹੌਲੀ ਲਿਖੇਗਾ,
ਵੇਰੇ ਪੰਨੇ ਕਈ ਇਤਿਹਾਸ।

---

ਕੈਨੇਡਾ ਦੇ ਉਭਰ ਰਹੇ ਕਵੀ ਤੇ ਕਹਾਣੀਕਾਰ
ਸਾਧੂ
ਦੇ ਕਾਵਿ-ਸਫ਼ਰ ਦੀ ਪਹਿਲੀ ਪ੍ਰਭਾਵਸ਼ਾਲੀ ਪ੍ਰਾਪਤੀ,
ਸਮਕਾਲੀ ਸਮੱਸਿਆਵਾਂ ਦਾ ਸਾਰਥਕ ਤੇ ਸਪੱਸ਼ਟ ਕਾਵਿ-ਚਿਤ੍ਰਣ
ਮੈਲੇ ਰੰਗੀ ਸੜਕ
ਸਫ਼ੇ 80 ਕੀਮਤ ਇਕ ਡਾਲਰ ਫ਼ੋਨ 879-3339/437-9014

# ਅੰਤਰ

- ਹਰਦੇਵ ਬੜੈਚ
(ਵੈਨਕੂਵਰ)

ਲਾਡਾਂ-ਪਲੀ, ਪ੍ਰੀਤਾਂ-ਜਲੀ
ਇਕ ਕੁੜੀ,
ਸ਼ਾਮ ਦੀ ਸੈਰ ਨੂੰ ਗਈ,
ਵਾਪਸ ਘਰ ਨਹੀਂ ਮੁੜੀ।

ਕਿਥੇ ਗਈ?
ਕੀ ਲੋਕ-ਲਾਜ,
ਬਾਬਲ ਦੀ ਪੱਗੜੀ ਦੀ,
ਬਣ ਗਈ ਤਿੱਖੜੀ ਕੁੜੀ।

ਕਿਸੇ ਲੁਚਿਆਂ ਉਹ ਕੁੜੀ,
ਮਖਮਲ ਦੇ ਨਿੱਤ ਨਵੇਂ
ਬਸਤਰ ਹੈ ਪਾਉਂਦੀ
ਫੈਸ਼ਨ ਤੇ ਫੈਸ਼ਨ ਲਗਾਉਂਦੀ,
ਜਾਮ ਤੇ ਜਾਮ ਟਕਰਾਉਂਦੀ,
ਨਿੱਤ ਨਵੀਂ ਸੇਜਾਂ ਹੰਢਾਉਂਦੀ,
ਰੰਗੀਨੀਆਂ ਦੀ ਮਹਿਫ਼ਲ'ਚ ਜਾ ਜੁੜੀ!

ਨੈਨੂਆਨ, ਖਿਡਾਰਨ, ਨੌਕਰਾਣੀ,
ਤਰਕਸਾਰ ਉਠਦੀ ਗਈ,
ਹਰ ਉਮਰਾ ਦੀ ਲਾਲੀ ਤੇ
ਮਾਲਕ ਦੇ ਸੌਣ-ਕਮਰੇ ਵਿਚ
ਬਿਸਤਰ-ਚਾਹ ਰਖਦੀ ਗਈ।

'ਬਾਬਲ' ਦੀ ਸੋਚ ਨੂੰ ਦਿਨ-ਦੀਵੀਂ
ਚੋਰ ਸੁਪਨੇ ਸੰਨ੍ਹ ਲਾਉਂਦੇ ਰਹੇ,
ਕਲਪਣਾ ਦੇ ਲਹੂ ਲੁਹਾਣ ਪੰਛੀ,
ਬੇਸੁਰਤੀ ਵਿਚ ਫੜਫੜਾਉਂਦੇ ਰਹੇ।

ਖਿਡਾਰਨ, ਨੈਨੂਆਨ, ਨੌਕਰਾਣੀ
ਮਾਲਕ ਦੀ ਦਸ਼ਾ ਤੇ,
ਅੱਜ ਖਾਂਦੀ ਰੋਂਦੀ ਹੈ
ਕਿਉਂਕਿ ਭਰੇ-ਬਜ਼ਾਰ, ਸ਼ਰੇਆਮ
ਇਕ ਬਾਪ ਦੀ ਤੌਹੀਨ ਹੋਈ ਹੈ!

ਇਕ ਵਾਰ ਉਹ ਰੋਈ ਸੀ
ਜਦ ਸ਼ਾਹੂਕਾਰ ਦੇ,
ਕਰਜ਼ੇ ਦੀ ਅਦਾਇਗੀ ਨਾ ਹੋਣ ਤੇ,
ਉਹਦੇ ਬਾਬਲ ਤੋਂ,
ਉਹਦੀ ਭੈਣ ਖੋਹੀ ਸੀ।

ਤੇ ਭੈਣ ਦੀਆਂ ਸੁੱਖਾਂ ਮਨਾਉਂਦੀ,
ਪੱਥਰ ਦੇ ਦੇਵੀ ਦੇਵਤੇ ਰੀਝਾਉਂਦੀ,
ਬੇਅਰਥ ਰੱਬ ਅੱਗੇ,
ਬੇਅਰਥ ਮੱਥਾ ਘਸਾਉਂਦੀ,
ਉਹ ਹਾਲੋਂ ਬੇਹਾਲ ਹੋਈ ਸੀ।

ਲੰਮੀ ਝੜੀ, ਮੋਹਲੇਧਾਰ ਵਰਖਾ ਵਿਚ,
ਉਹ ਵਰਖਾ ਵਾਂਗ ਰੋਈ ਸੀ
ਜਦ ਕੋਠੇ ਦੀ ਛੱਤ ਡਿੱਗਣ ਤੇ,
ਉਸਦੇ ਬਾਬਲ ਦੀ,
ਭੈਣਾਂ ਤੇ ਭਰਾਵਾਂ ਦੀ,
ਦਰਦਨਾਕ ਮੌਤ ਹੋਈ ਸੀ।

ਇਕ ਵਾਰ ਉਹ ਰੋਈ ਸੀ,
ਬਾਲ ਉਮਰੇ, ਖੇਡਣ ਦੀ ਰੁੱਤੇ
ਤਿੱਖੜੀ ਧੁੱਪੇ ਵਾਢੀਆਂ ਕਰਦੀ
ਜਦ ਉਹਦੀ ਮਿੱਠੀ ਮਾਂ ਮੋਈ ਸੀ।

ਲਾਡਾਂ-ਪਲੀ ਪ੍ਰੀਤਾਂ-ਜਲੀ,
ਇਕ ਕੁੜੀ,
ਸ਼ਾਮ ਦੀ ਸੈਰ ਨੂੰ ਗਈ,
ਵਾਪਸ ਘਰ ਨਹੀਂ ਮੁੜੀ।

# ਮੇਰੇ ਗੀਤਾਂ ਦਾ ਜਨਮ

-ਬਲਦੇਵ ਚੀਮਾਂ
(ਵੈਨਕੂਵਰ)

ਮੇਰੇ ਗੀਤਾਂ ਨੇ ਜਨਮ ਉਦੋਂ ਲਿਆ
ਜਦੋਂ:
ਬਾਪੂ ਦਾ ਆਖਰੀ ਕਿੱਲਾ ਗਹਿਣੇ ਪਾ ਕੇ ਵੀ,
ਪੜ੍ਹਾਈ ਤੋਂ ਬਾਅਦ
ਦਰ-ਬ-ਦਰ ਮੈਂ ਨੌਕਰੀ ਦੀ ਤਲਾਸ਼ ਵਿਚ ਗਿਆ।
ਆਪਣਾ ਨਾਂ ਹਰ ਵਾਰ ਵੇਟਿੰਗਲਿਸਟ ਵਿਚ
ਤੇ ਕਿਸੇ ਵਜ਼ੀਰ ਜਾਂ ਉਸਦੇ ਰਿਸ਼ਤੇਦਾਰ
ਦੇ ਪੁੱਤਰ ਨੂੰ ਨੌਕਰੀ ਮਿਲਦੇ ਵੇਖਿਆ।

ਜਦੋਂ:
ਸੱਚ ਨੂੰ ਸੱਚ ਕਹਿਣ ਵਾਲੇ
ਹੱਕ ਮੰਗਣ ਵਾਲਿਆ ਨੂੰ,
ਮੁਆਵਜ਼ਾ ਗੋਲੀਆਂ ਮਿਲਦੇ ਵੇਖਿਆ।

ਜਦੋਂ:
ਮੰਡੀ ਵਿਚ ਲੁੱਟੇ ਜਾ ਰਹੇ ਕਿਸਾਨ ਤੇ
ਗਰੀਬ ਦੀ ਝੁੱਗੀ ਦੇ
ਦਿਨ-ਬ-ਦਿਨ ਹਵਾ ਸੰਗ ਉਡਦੇ ਤੀਲਿਆਂ ਨੂੰ ਵੇਖਿਆਂ।
ਮਸਤਕ ਤਪ ਗਿਆ, ਦਿਲ ਤੱਕ ਕੇ
ਜਿਸ ਨੂੰ ਸੁਰਤਦਾਰ ਤੇ ਪਹਿਰੇਦਾਰ ਸਮਝਦੇ ਸਾਂ
ਉਹਨੂੰ ਹੀ ਚੋਰਾਂ ਸੰਗ ਰਲਕੇ, ਲੁੱਟਦੇ ਘਰ ਨੂੰ ਵੇਖਿਆਂ।

## ਬੇ-ਵਤਨ

ਮਹਿੰਦਰ/ ਇੰਗਲੈਂਡ

ਨਸੀਬੀਂ ਦੇ ਵਸੇਰੇ ਨੇ ਨਾਂ ਇਹ ਆਪਣਾ ਨਾ ਉਹ ਆਪਣਾ
ਫ਼ਿਜ਼ਾ ਖ਼ਾਲੀ ਭਰਨ ਸੋਚਾਂ ਕਿਨਾਰਾ ਤਾਂ ਮਿਲੇ ਕੋਈ.
ਇਸ਼ਾਰੇ ਨੇ ਵੱਸਲ ਵਾਲੇ ਜ਼ਮਾਨੇ ਨੇ ਮਿਲਾਪਾਂ ਦੇ
ਸੁਨਹਿਰੀ ਖ਼ਾਬ ਦੁਨੀਆਂ ਦਾ ਮਗਰ ਵੀ ਕਰ ਜਾਵੇ ਕੋਈ,

ਸਮੇਂ ਦੀ ਕੜਕਦੀ ਧੁੱਪੇ ਨਾ ਪਘਰੀ ਬਰਫ਼ ਸੀਨੇ ਦੀ
ਨੁਕੀਲੀ ਨੋਕ ਦਾ ਪਲੂ ਹਵਾਵਾਂ ਵਿਚ ਫਿਰਦਾ ਹੈ,
ਇਨ੍ਹਾਂ ਬਾਗ਼ਾਂ 'ਚ ਨਸਲੀ ਈਰਖਾ ਪਲਦੀ ਹੈ ਕਲੀਆਂ ਤੇ
ਇਹਨਾਂ ਗਲੀਆਂ 'ਚ ਨਚਦਾ ਨਸਲੀਆਂ ਦਾ ਗੀਤ ਫਿਰਦਾ ਹੈ।

ਇਥੇ ਤਾਂ ਮੇਰੇ ਸੁਫ਼ਨੇ ਨਿਸਤਾਣੇ ਹੋ ਜਾਂਦੇ ਨੇ
ਅਤੇ ਬਜ਼ਾਰ ਕਾਲਾ ਜਿਸਮ ਨੀਲਾਮੀ ਤੇ ਲਗਦਾ ਹੈ
ਖੁਦਾ ਜਾਣੇ ਕਿਉਂ ਇਹ 'ਇਲਮਾਂ' ਵਾਲੇ ਭੁੱਲ ਜਾਂਦੇ ਨੇ
ਕਿ ਮੈਂ ਵੀ ਤੇ ਹਾਂ ਇਸ ਵਾਲਾ ਤੇ ਨਾੜੀ ਖੂਨ ਵਗਦਾ ਹੈ।

ਕਦੇ ਮੈਂ ਸੋਚਦਾ ਹਾਂ ਸ਼ਾਇਦ ਮੈਂ ਪੱਥਰ ਹੀ ਹੋ ਜਾਵਾਂ
ਬੜੇ ਅਰਸੇ ਤੋਂ ਗੈਰਤ ਆਪਣੀ ਤੇ ਵਾਰ ਸਹਿੰਦਾ ਹਾਂ
ਮੇਰੀ ਭੁੱਖ ਦੀ ਇਹ ਜਿੱਤ ਹੈ ਬਹੁਤ ਹੀ ਸ਼ਾਨ ਭਰੀ ਲੇਕਿਨ
ਤੜਪ ਕੇ, ਰੋਸ ਕੇ, ਭੁੱਖ ਕੇ ਵੀ ਹੋ ਖਾਮੋਸ਼ ਬਹਿੰਦਾ ਹਾਂ।

ਨਾਗਾਂ ਦੀ ਧਰਤ ਨੂੰ ਅਲਵਿਦਾ ਆਖਾਂ ਤਾਂ ਬੇਹਤਰ ਹੈ
ਮੇਰੀ ਧੀਰਜ ਦਾ ਪੱਲਾ ਹੌਲੇ ਹੌਲੇ ਖਿਸਕ ਜਾਂਦਾ ਹੈ
ਪਰ ਜਾਵਾਂਗਾ ਕਿਸ ਵੱਲ ਟਿਕਾਣਾ ਮਿਲੇਗਾ ਕਿਥੇ
ਜੋ ਹੋਏ ਬੇ-ਵਤਨ ਉਹਨਾਂ ਨੂੰ ਕੁੱਝ ਨਾ ਰਾਸ ਆਂਦਾ ਹੈ।

## ਅਸਾਂ ਤਾਂ....

ਦੇਵਿੰਦਰ ਲੇਲ-ਇੰਗਲੈਂਡ

ਅਸਾਂ ਫੁੱਲ ਨੂੰ ਕਰਨ ਸੁਗੰਧਤ ਲਈ ਹੈ ਸਮਿਆਂ ਦੇ ਹੱਥ ਵੀਣਾਂ ਪਾਣਾ
ਸਾਂਝਿਆਂ ਤਾਂ ਸਾਂਝੀਆਂ ਨੇ ਖੁਸ਼ੀਆਂ ਅਸਾਂ ਨਾ ਬੈਠ ਕੇ ਵੰਡਾਂ ਪਾਣਾ
ਜ਼ਖ਼ਮ ਹੋਵੇ ਜੇ ਇਕ ਦੇ ਦਿਲ ਤੇ ਅਸਾਂ ਤਾਂ ਰਲ ਸਭ ਮਲ੍ਹਮ ਲਾਣਾ
ਕਾਮੇ ਦੇ ਪਿੰਡੇ ਦਾ ਮੁੜ੍ਹਕਾ ਵੇਖਕੇ ਅਸਾਂ ਗਏਸ਼ ਹੈ ਹੋਰ ਬਣਾਣਾ
ਹਨੇਰੇ ਵਿਚ ਚਾਨਣ ਕਰਨਾ ਨਾ ਕੋਈ ਜਗਦਾ ਦੀਪ ਬੁਝਾਉਣਾ
ਭੁੱਖਿਆਂ ਢਿੱਡਾਂ ਲਈ ਅਸਾਂ ਜੀਉਣਾ ਰੱਜਿਆ ਨੂੰ ਨਾ ਹੋਰ ਰਜਾਉਣਾ
ਦੁੱਖੀ ਦਿਲਾਂ ਦੇ ਪਾ ਕੋਲੇ ਅਸਾਂ ਇਕ ਨਾ ਬਹਿ ਪਰਚਾਵ ਕਰਾਉਣਾ
ਮੇਰੀ ਤਾਂ ਜਨਮਾਂ ਤੋਂ ਸੱਧਰ ਸਾਥੀਆਂ ਨੂੰ ਬਲਵਾਨ ਬਣਾਉਣਾ

## ਪਾਟੀ ਤਸਵੀਰ

ਗੁਰਦੀਪ ਸਿੰਘ ਸੰਧੂ

ਗੁਰੂ ਨਾਨਕ, ਤੇਰੇ ਜਨਮ ਦਿਵਸ ਤੇ,
ਤੇਰਾ ਹਿੰਦੁਸਤਾਨ ਵਿਖਾਵਾਂ।
ਲੋਟੂ ਏਥੇ ਗੁਰੂ ਬਣ ਗਏ,
ਆਪ ਹੀ ਬਣੇ ਮਹਾਨ ਵਿਖਾਵਾਂ।
ਅੱਖੀਂ ਪੱਟੀ ਪਾ ਕੇ ਲੁੱਟਦੇ,
ਵੱਖਰੀ ਉਨ੍ਹਾਂ ਦੀ ਸ਼ਾਨ ਵਿਖਾਵਾਂ।
ਕਿਰਤੀ ਏਥੇ ਭੁੱਖੇ ਮਰਦੇ,
ਵਿਹਲੜ ਖਾਂਦੇ ਖੀਰ ਵਿਖਾਵਾਂ।
ਆ ਬਾਬਾ ਪੰਜਾਬ ਦੀ ਤੈਨੂੰ,
ਪਾਟੀ ਹੋਈ ਤਸਵੀਰ ਵਿਖਾਵਾਂ।

ਲੁੱਟ ਰਹੇ ਨੇ ਦੇਸ਼ ਤੇਰੇ ਨੂੰ,
ਗੋਰੇ ਵਰਗੇ ਟਾਟੇ ਬਾਟੇ।
ਖੂਨ ਗਰੀਬਾਂ ਦਾ ਨਿੱਤ ਪੀਂਦੇ
ਪਰ ਨਾ ਪੇਟ ਉਨ੍ਹਾਂ ਦੇ ਪਾਟੇ।
ਚੋਰ ਬਜ਼ਾਰੀ ਇਥੇ ਵੱਧ ਗਈ,
ਸੱਚੇ ਸੌਦੇ ਵਿਚ ਪੈਣ ਘਾਟੇ।
ਨਾਮ ਖੁਮਾਰੀ ਹੁਣ ਨਹੀਂ ਚੜ੍ਹਦੀ
ਪੀਣ ਸ਼ਰਾਬ ਦੇ ਭਰ ਭਰ ਬਾਟੇ।
ਮਜ਼ਲੂਮਾਂ ਦੀਆਂ ਅੱਖੀਆਂ ਵਿਚੋਂ,
ਡੁੱਲ੍ਹ ਡੁੱਲ੍ਹ ਡਿਗਦਾ ਨੀਰ ਵਿਖਾਵਾਂ।
ਆ ਬਾਬਾ ਪੰਜਾਬ ਦੀ ਤੈਨੂੰ
ਪਾਟੀ ਹੋਈ ਤਸਵੀਰ ਵਿਖਾਵਾਂ।

ਜਿਸ ਵਤਨ ਵਿਚ ਜਨਮ ਲਿਆ ਤੂੰ,
ਉਸ ਵਤਨ ਦਾ ਭੱਠਾ ਬਹਿ ਗਿਆ।
ਫ਼ੈਸ਼ਨਪ੍ਰਸਤੀ, ਠੇਕੇਦਾਰੀ, ਸੱਚ ਨਹੀਂ;
ਏਥੇ ਸਭ ਕੁੱਝ ਰਹਿ ਗਿਆ।
ਨਾਮ ਦੀ ਜਪਣਾ, ਵੰਡ ਕੇ ਛਕਣਾ
ਤਾਹੀਂ ਤੂੰ ਸੰਦੇਸ਼ ਸੀ ਕਹਿ ਗਿਆ।
ਬਾਬਰਵਾਣੀ ਮੁੜ ਹੁਣ ਫਿਰ ਗਈ
ਪਤਾ ਨਹੀਂ ਕੀ ਕੌਮ ਨੂੰ ਪੈ ਗਿਆ।
ਬੇਦੋਸ਼ੇ ਜੋ ਕੋਹੇ ਜਾਂਦੇ
ਕਈ ਭੈਣਾਂ ਦੇ ਵੀਰ ਵਿਖਾਵਾਂ।
ਆ ਬਾਬਾ ਪੰਜਾਬ ਦੀ ਤੈਨੂੰ
ਪਾਟੀ ਹੋਈ ਤਸਵੀਰ ਵਿਖਾਵਾਂ।

(ਦਰੱਦੀ)

# ਕਾਰ

**ਅਮਰਜੀਤ ਚਾਹਲ**

ਇਹ ਸੱਤੋ ਹੁਣਾ ਦੀ ਨਵੇਂ ਸਾਲ ਦੀ ਨਵੀਂ ਕਾਰ ਹੈ। ਕਾਰ ਉਹ ਤਕਰੀਬਨ ਹਰ ਦੂਜੇ ਸਾਲ ਬਦਲ ਲੈਂਦੇ ਹਨ। ਇਹ ਕਾਰ ਜੋ ਹੁਣ ਨਵੀਂ ਹੈ, ਦੋ ਸਾਲ ਦੇ ਅੰਦਰ ਅੰਦਰ ਉਹਨਾਂ ਦੇ ਮਨੋਂ ਲੱਥ ਜਾਵੇਗੀ। ਤੇ ਫਿਰ ਤੀਜੇ ਸਾਲ ਦੀਆਂ ਕਾਰਾਂ ਜਦ ਮਾਰਕੀਟ ਵਿਚ ਨਵੀਆਂ ਨਵੀਆਂ ਆਉਣਗੀਆਂ ਤਾਂ ਉਹ ਆਪਣੀ ਪਹਿਲੀ ਕਾਰ ਨਾਲ ਕੁਝ ਪੈਸੇ ਦੇ ਕੇ ਨਵੀਂ ਕਾਰ ਲੈ ਲੈਣਗੇ । ਤੇ ਬਾਕੀ ਦੇ ਵਧਦੇ ਪੈਸਿਆਂ ਦੀਆਂ ਕਿਸ਼ਤਾਂ ਕਰ ਲੈਣਗੇ। ਜਦ ਤਕ ਕਿਸ਼ਤਾਂ ਖਤਮ ਹੋਣਗੀਆਂ ਉਦੋਂ ਤਕ ਕਾਰ ਪੁਰਾਣੀ ਹੋ ਚੁਕੀ ਹੋਵੇਗੀ। ਫਿਰ ਨਵੀਂ ਕਾਰ ਦੇ ਨਾਲ ਨਵੀਆਂ ਕਿਸ਼ਤਾਂ ਸ਼ੁਰੂ ਹੋ ਜਾਣਗੀਆਂ। ਇਹ ਚੱਕਰ ਕਦ ਤਕ ਚਲਦਾ ਰਹੇਗਾ। ਇਸ ਵਾਰੇ ਕੁਝ ਕਹਿਣਾ ਕਠਿਨ ਹੈ।

ਦੋਵੇਂ ਮੀਆਂ ਬੀਵੀ ਕੰਮ ਕਰਦੇ ਹਨ । ਆਮਦਨ ਚੰਗੀ ਹੈ। ਪਰ ਖਰਚ ਦੇ ਪੱਖੋਂ ਜ਼ਿਆਦਾ ਨਹੀਂ । ਉਹਨਾਂ ਦੇ ਘਰ ਵਿਚਲਾ ਫਰਨੀਚਰ, ਕਰਾਕਰੀ, ਦੀਵਾਰਾਂ ਤੇ ਲਟਕਦੇ ਚਿੱਤਰ ਆਦਿ ਬਦਲਦੇ ਰਹਿੰਦੇ ਹਨ। ਜੋ ਚੀਜ਼ ਘਰ ਵਿਚ ਉਹਨਾਂ ਨੂੰ ਪਸੰਦ ਨਾ ਹੋਵੇ ਉਸਨੂੰ ਬਦਲਣ ਵਾਸਤੇ ਢਿਲ ਨਹੀਂ ਕਰਦੇ । ਹਾਂ, ਉਚ ਤਬਕੇ ਦੇ ਲੋਕਾਂ ਵਾਂਗ ਪਾਰਟੀਆਂ ਵੀ ਉਹਨਾਂ ਦਾ ਪਿਛਾ ਨਹੀਂ ਛੱਡਦੀਆਂ। ਓਪਰੇ ਲੋਕਾਂ ਨੂੰ ਮਿਲਣ ਸਮੇਂ ਕਈ ਵਾਰ ਉਹ ਆਪਣਾ ਬਿਜ਼ਨੈਸ ਕਾਰਡ ਵੀ ਭੇਟ ਕਰਦੇ ਹਨ। ਜੋ ਅਸਲ ਵਿਚ ਝੂਠਾ ਹੁੰਦਾ ਹੈ।

ਇਕ ਹੋਰ ਭੁਲੇਖਾ ਕੱਢ ਦਿਆਂ। ਉਹ ਪੱਛਮ ਦੇ ਜਮ-ਪਲ ਨਹੀਂ, ਪੰਜਾਬ ਦੇ ਹਨ। ਉਥੇ ਹੀ ਪੜ੍ਹੇ ਸਨ। ਗੌਰਮਿੰਟ ਸਕੂਲਾਂ ਵਿਚ (ਕਾਲਜ ਵਿਚ ਪੜਨਾਂ ਉਹਨਾਂ ਨੂੰ ਨਸੀਬ ਨਹੀਂ ਹੋਇਆ) ਫੀਸਾਂ ਮਾਫ ਕਰਾਕੇ, ਆਮ ਲੋਕਾਂ ਵਾਂਗ। ਪਰ ਹੁਣ ਉਹਨਾਂ ਦੇ ਬੋਲ-ਚਾਲ ਤੋਂ ਇੰਜ ਜਾਪਦਾ ਹੈ ਜਿਵੇਂ ਇਕ ਡਲਹੌਜ਼ੀ ਤੇ ਦੂਜਾ ਨੈਨੀਤਾਲ ਪੜ੍ਹਦਾ ਰਿਹਾ ਹੋਵੇ।

ਖੈਰ, ਛੱਡੋ ਇਹਨਾਂ ਗੱਲਾਂ ਨੂੰ। ਤੁਹਾਨੂੰ ਇਹ ਦਸਣਾ ਚਾਹੁੰਦਾ ਸੀ ਕਿ ਕੱਲ ਨੂੰ ਸੱਤੋ ਦਾ ਵੱਡਾ ਭਰਾ ਏਅਰ ਪੋਰਟ ਤੇ ਉਤਰ ਰਿਹਾ ਹੈ। ਏਸੇ ਕਰਕੇ ਅਜ ਉਹ ਆਪਣੇ 'ਮਾਈਕ' (ਮਲਕੀਤ ਸਿੰਘ) ਨੂੰ ਕੰਮ ਤੇ ਛੱਡ ਆਈ ਹੈ ਤੇ ਆਪ 'ਸ਼ਾਪਿੰਗ' ਕਰਨ ਨਾਲ ਦੇ ਵੱਡੇ ਸ਼ਹਿਰ, ਕੋਈ ਜ਼ਿਆਦਾ ਦੂਰ ਨਹੀਂ ਕੁਲ ਪੰਜਾਹ ਪਚਵੰਜਾ ਮੀਲ, ਤੇ ਫਿਰ ਇਤਨਾ ਰਸਤਾ ਤਾਂ ਗੀਤਾਂ ਦੀ ਇਕ ਟੇਪ ਸੁਣਦਿਆਂ ਹੀ ਨਿਕਲ ਜਾਂਦਾ ਹੈ। ਉਹਨਾਂ ਦੀ ਕਾਰ ਵਿਚ ਟੇਪ ਰਕਾਇਡ ਵੀ ਲੱਗੀ ਹੋਈ ਹੈ ਤੇ ਰੇਡੀਉ ਵੀ। ਟੇਪਾਂ ਰੱਖਣ ਵਾਂਸਤੇ ਉਹਨਾਂ ਕਾਰ ਵਿਚ ਇਕ ਸਪੈਸ਼ਲ ਬਕਸਾ ਰਖਿਆ ਹੋਇਆ ਹੈ। ਉਹਦੇ ਵਿਚ ਤੁਹਾਨੂੰ ਪੁਰਾਣੀ ਤੋਂ ਪੁਰਾਣੀ ਫਿਲਮ ਤੋਂ ਤੋਂ ਲੈ ਕੇ ਇਸ ਸਾਲ ਦੀਆਂ ਫਿਲਮਾਂ ਤੱਕ ਦੇ ਗੀਤ ਮਿਲ ਸਕਦੇ ਹਨ। ਪੰਜਾਬੀ ਗੀਤਾਂ ਨੂੰ ਉਹ ਏਨਾਂ ਪਸੰਦ ਨਹੀਂ ਕਰਦੇ। (ਅੰਗਰੇਜ਼ੀ ਗੀਤ ਨੂੰ ਬਿਨਾਂ ਸਮਝਣ ਦੇ ਵੀ ਲੱਤਾਂ ਤੇ ਸਿਰ ਹਲਾਉਣ...ਲੱਗ ਪੈਂਦੇ ਹਨ।) ਪਰ ਫਿਰ ਵੀ ਮਾਂ-ਬੋਲੀ ਹੈ ਨਾ, ਕਦੇ ਕਦੇ ਯਾਦ ਆ ਜਾਂਦੀ ਹੈ। ਇਸੇ ਲਈ ਉਹਨਾਂ ਕੋਲ ਕੁਝ ਪੰਜਾਬੀ ਦੀਆਂ ਟੇਪਾਂ ਵੀ ਹਨ। ਜ਼ਰਾ ਚੋਂਦੀਆਂ ਚੋਂਦੀਆਂ।

ਉਸ ਸ਼ਾਪਿੰਗ ਕਰਨ ਜਾਣਾ ਹੈ । ਕਾਹਲੀ ਕਾਰਨ ਉਸ ਨੂੰ ਕੱਪੜਿਆਂ ਚੋਂ ਕੋਈ ਵੀ ਸੂਟ ਪਸੰਦ ਨਹੀਂ ਆ ਰਿਹਾ। ਉਹ ਥੋੜਾ ਜਿਹਾ ਚਿੜ੍ਹ ਗਈ । ਤੇ ਫਿਰ ਅੱਖਾਂ ਬੰਦ ਕਰਕੇ ਇਕ ਹੈਂਗਰ ਉਤਾਰਿਆ। 'ਉਹ ਤੁਹਾਡਾ ਭਲਾ ਹੋ ਜੇ। ਇਹ ਤਾਂ ਨਾਈਟ ਗਾਊਨ ਹੈ ਭਲਾ ਨਾਈਟ ਗਾਊਨ ਪਾ ਕੇ ਸ਼ਾਪਿੰਗ ਕਰਨ ਜਾਵਾਂ।' ਡਾਢੀ ਛਿੱਥੀ ਪੈ ਜਾਣ ਪਿਛੋਂ, ਹਾਰ ਕੇ ਉਸ ਕੱਲ ਵਾਲਾ ਉਤਾਰ ਹੀ ਪਾ ਲਿਆ। ਲਾਲ ਬੈੱਲਬਟਮ ਤੇ ਚਿੱਟਾ ਬਲਾਉਜ਼ ਲਾਲ ਜੈਕਿਟ। ਵਾਲ ਉਸ ਆਪਣੇ ਖੁਲ੍ਹੇ ਵਾਹੇ। ਕੁਝ ਉਸ ਮੋਢਿਆਂ ਤੋਂ ਅਗੇ ਨੂੰ ਕੁਝ ਪਿਛੇ ਨੂੰ ਕਰ ਲਏ । ਆਪਣੇ ਪਰਸ ਵਿਚ ਜ਼ਰੂਰੀ ਚੀਜ਼ਾਂ ਦੇਖੀਆਂ। ਤੇ ਫਿਰ ਕਿਚਨ ਵਿਚ ਆ ਗਈ। ਕਿਹੜੀ ਕਿਹੜੀ ਚੀਜ਼ ਲਿਆਉਣ ਵਾਲੀ ਹੈ । ਜ਼ਬਾਨੀ ਨੋਟ ਕਰਕੇ । ਸਨਡੈੱਕ ਵਾਲੀ ਡੋਰ ਦੇਖਦੀ ਹੋਈ ਕਮਰਿਆਂ ਦੀਆਂ ਬੱਤੀਆਂ ਚੈੱਕ ਕਰਕੇ ਫਿਰ ਇਕ ਵਾਰ ਆਪਣਾ ਪਰਸ ਚੰਗੀ ਤਰ੍ਹਾਂ ਦੇਖਦੀ ਹੈ। 'ਸਭ ਠੀਕ ਹੈ।' ਕੁੰਜੀਆਂ ਦਾ ਗੁੱਛਾ ਲੈ ਫਰੰਟ ਡੋਰ ਨੂੰ ਲਾਕ ਕਰਦੀ ਹੋਈ ਗੁਟ ਘੜੀ ਦੇਖਦੀ ਹੈ। 'ਸਵਾ ਗਿਆਰਾਂ ! ਅਜੇ ਬਹੁਤ ਟਾਇਮ ਹੈ ।' ਪੌੜੀਆਂ ਉਤਰਦੀ ਹੋਈ ਉਹ ਕਾਰ ਵੱਲ ਦੇਖ ਮੁਸਕਰਾਉਂਦੀ ਹੈ।

'ਕਿਤੇ ਹੁਣ ਇਕ ਸ਼ੋਫਰ ਵਰਦੀ ਪਾਈ ਕਾਰ ਲਾਗੇ ਖੜਾ 'ਮੇਮ ਸਾਹਬ' ਦੀ ਉਡੀਕ ਕਰ ਰਿਹਾ ਹੁੰਦਾ।' ਸ਼ੋਫਰ ਤੋਂ ਬਿਨਾਂ ਨਵੀਂ ਕਾਰ ਜੁਆਨ ਸੁੰਦਰ ਪਰ ਬਾਂਝ ਔਰਤ ਵਰਗੀ ਹੈ। ਜਿਸ ਵਿਚ ਕਮੀ ਤਾਂ ਹੈ ਪਰ ਮਹਿਸੂਸ ਨਹੀਂ ਹੋ ਰਹੀ। ਉਹ ਦਰਵਾਜਾ ਖੋਲ੍ਹ ਡਰਾਈਵਰ ਸੀਟ ਤੇ ਬੈਠ ਗਈ । ਕੁੰਜੀ ਆਨ ਕਰਨ ਸਾਰ ਰੇਡੀਉ ਵੀ ਵਜਣ ਲਗ ਪਿਆ। ਜੋ ਹਮੇਸ਼ਾਂ ਆਨ ਹੀ ਰੱਖਿਆ ਜਾਂਦਾ ਸੀ । ਉਸ ਐਕਸੀ ਲੇਟਰ ਤੇ ਰੱਖਿਆ ਪੈਰ ਮਾੜਾ ਜਿਹਾ ਦਬਾਇਆ। ਡਬਲ ਮੁਫਲਰ ਬੱਦਲ ਵਾਂਗ ਗਰਜਿਆ। ਪੈਰ ਉਸ ਹੋਰ ਦਬਾਇਆ, ਗਰਜ ਹੋਰ ਵਧੀ। ਫਿਰ ਬਰੇਕ ਤੇ ਪੈਰ ਰੱਖ ਅਹਿਸਤਾ ਜਿਹੇ ਕਾਰ ਤੋਰ ਲਈ।

ਕਾਲੀ ਪੱਧਰੀ ਸੜਕ ਤੇ ਉਸ ਦੀ ਸਪੋਰਟਸ ਕਾਰ ਝਿਫਰੇ ਸਾਨ੍ਹ ਵਾਂਗ ਮੜ੍ਹਕ ਨਾਲ ਤੁਰ ਰਹੀ ਸੀ । ਕਾਰ ਵਿਚਲਾ ਰੇਡੀਉ ਪੱਪ ਮਿਊਜ਼ਿਕ ਪੇਸ਼ ਕਰ ਰਿਹਾ ਸੀ। ਥੋੜੇ ਚਿਰ ਬਾਅਦ ਕਾਰ ਹਾਈਵੇ ਤੇ ਤੇਜ਼ ਸਪੀਡ ਫੜ ਗਈ, ਪਹਾੜੀ ਸੜਕ ਦੇ ਮੋੜ-ਘੋੜ, ਉਤਰਾ ਚੜ੍ਹਾ ਉਸ ਦੇ ਚਿਹਰੇ ਦੀ ਤਰ੍ਹਾਂ ਸਨ।

'ਵੀਰਾ ਕਿਨ੍ਹਾਂ ਹੈਰਾਨ ਹੋਵੇਗਾ ਉਸ ਨੂੰ ਕਾਰ ਚਲਾਉਂਦੀ ਦੇਖ ਕੇ......। ਬਈ ਇਹ ਉਹੋ ਕੁੜੀ, ਜਿਸ ਨੂੰ ਸਾਈਕਲ ਸਿਖਣ ਬਦਲੇ ਬਾਪੂ ਨੇ ਥੱਪੜ ਕੱਢ ਮਾਰਿਆ ਸੀ। ਅਜ ਕਾਰ ਚਲਾ ਰਹੀ ਹੈ।...... ਉਸ ਦੀਆਂ ਅੱਖਾਂ ਨਾ ਅੱਡੀਆਂ ਰਹਿ ਜਾਣਗੀਆਂ...। ਉਸ ਨੂੰ ਇਤਬਾਰ ਨਹੀਂ ਆਵੇਗਾ ਮੇਰੇ ਕਪੜਿਆਂ ਵਲ ਦੇਖਕੇ......ਇਹ ਸਾਡੀ ਉਹੋ ਸੱਤੋ ਹੈ ਜਿਸ ਨੂੰ ਕਦੀ ਸਿਰ ਤੋਂ ਚੁੰਨੀ ਨਹੀਂ ਸੀ ਲਾਹੁਣ ਦਿਤੀ ਤੇ ਅਜ.. ...। ਕਿੰਨਾ ਤੰਗ ਮਹੌਲ ਸੀ......ਹਾਏ...ਹਾਏ...। ਕਿਤੇ ਸਾਡੇ ਪਿੰਡਾਂ ਵਿਚ ਵੀ ਅਜ਼ਾਦੀ ਹੁੰਦੀ......ਬੱਸ ਏਹੋ ਅਜ਼ਾਦੀ ਮੁੰਡਾ ਕੁੜੀ ਇਕ ਦੂਜੇ ਨਾਲ ਬੋਲ-ਚਾਲ ਸਕਣ...ਮਤਲਬ ਬੁਆਏ ਫਰੈਂਡ, ਗਰਲ ਫਰੈਂਡ......। ਉਂਝ ਜਿਹਨਾਂ ਏਹੋ ਜਿਹਾ ਕਾਰੋਬਾਰ ਕਰਨਾ ਹੁੰਦਾ, ਟਲਦੇ ਤਾਂ ਉਹ ਵੀ ਨਹੀਂ। ਵੇਲੇ ਕੁਵੇਲੇ ਆਪਣਾ ਸੂਤ ਦੇਖ ਜਾ ਮਿਲਦੇ ਹਨ। ਵੀਰੇ ਦੀ ਵੀ ਗਲ-ਬਾਤ ਸੀਤੀ ਸਾਹਮਣੇ ਘਰ ਵਾਲਿਆਂ ਦੀ ਜਿੰਦੋ ਨਾਲ। ਵਿਚਾਰੀ ਕਿਨ੍ਹਾਂ ਵੀਰੇ ਦਾ ਕਰਦੀ ਹੁੰਦੀ ਸੀ (ਉਹਦੇ ਕਪੜੇ ਧੋਣ ਤਕ ਜਾਂਦੀ ਸੀ। ਲੈ ਉਸ ਦਿਨ ਕਪੜੇ ਧੋਣ ਪਿਛੇ ਅਸੀਂ ਹੱਥੋ ਪਾਈ ਹੋ ਪਈਆਂ। ਉਹ ਕਹੇ 'ਮੈਨੂੰ ਕਪੜੇ ਧੋ ਲੈਣਦੇ।' ਉਹਨਾਂ ਦੀ ਗੱਲ-ਬਾਤ ਦਾ ਮੈਨੂੰ ਪਤਾ ਸੀ। ਚਿੜਾਉਣ ਦੀ ਮਾਰੀ ਨੇ ਕਿਹਾ, 'ਮੇਰੇ ਵੀਰੇ ਦੇ ਕਪੜੇ ਤੂੰ ਕੌਣ ਹੁੰਦੀ ਏਂ ਧੋਣ ਵਾਲੀ।' ਲੱਖ ਮੈਂ ਉਹਨੂੰ ਕਿਹਾ, ਨਹੀਂ ਮੰਨੀ। ਮੱਲੋਮੱਲੀ ਹਥੋਂ ਖੋਹ ਲੈ ਗਈ। ਦੱਸ! ਕੀ ਚੰਦਰੀ ਰੀਝ ਹੁੰਦੀ ਏ ਕੁੜੀਆਂ ਨੂੰ। ਅਗਲਾ ਭਾਵੇਂ ਜਾਣੇ ਵੀ ਨਾ, ਕਿੰਨ ਧੋਤੇ ਕਿੰਨੇ ਸੀਤੇ। ਉਹ ਆਪਣਾ ਚਾਅ ਲਾਹ ਲੈਂਦੀਆਂ।) ਨਿਰਲੱਜ ਤੇ ਜਵਾਨੀ ਵੀ ਲੋਹੜਿਆਂ ਦੀ ਚੜ੍ਹੀ ਸੀ। ਕਸ਼ਮੀਰੀ ਸਿਉਂ ਵਰਗਾ ਮੂੰਹ ਸੀ ਉਹਦਾ। ਉਹੀ ਸੀ ਵੀਰੇ ਦੇ ਹਾਣਦੀ। ਮਰਦਾਂ ਵਾਂਗ ਕੰਧ ਟੱਪਕੇ ਆ ਮਿਲਦੀ ਸੀ ਰਾਤੇ-ਬਰਾਤੇ। ਸਾਡੇ ਵਰਗੀਆਂ ਦੇ ਤਾਂ ਉਂਝ ਈ ਹਵਾਸ ਗੁੰਮ ਹੋ ਜਾਂਦੇ ਸਨ ਉਪਰੇ ਮਰਦਾਂ ਵਲ ਦੇਖਕੇ। ਫਿਰ ਪਿਆਰ ਤਾਂ ਰਹੀ ਦੂਰ ਦੀ ਗੱਲ। ਕਾਸ਼! ਕੋਈ ਮੇਰੀ ਵੀ ਜ਼ਿੰਦਗੀ ਵਿਚ ਆਇਆ ਹੁੰਦਾ। ਸੀ ਤਾਂ ਸੀ ਇਕ ਪਰ ਨਾ ਹੋਇਆਂ ਵਰਗਾ। ਸਕੂਲ ਜਾ ਰਹੀ ਹੋਵਾਂ ਤਾਂ ਬੱਸ ਚੜ੍ਹਾ ਕੇ ਮੁੜ ਜਾਂਦਾ ਸੀ। (ਆਪ ਨਹੀਂ ਸੀ ਪੜ੍ਹਦਾ। ਕਿਧਰੇ ਮਿਲਦੇ ਤਾਂ ਦੋ ਖੇਤਾਂ ਦੀ ਵਿਥ ਤੇ ਖੜਾ ਹੀ ਇਸ਼ਾਰੇ ਕਰਦਾ ਰਹਿੰਦਾ, ਜੇਕਰ ਕਿਧਰੇ ਭੁਲ ਭੁਲੇਖੇ ਮਿਲੇ ਤਾਂ ਅੱਖ ਨਹੀਂ ਸੀ ਉਤਾਂਹ ਚੁਕਦਾ। ਅੱਖ ਤਾਂ ਦੂਰ ਦੀ ਗੱਲ ਰਹੀ ਕਦੇ ਧੌਣ ਨਹੀਂ ਸੀ ਉਤਾਂਹ ਕਰਦਾ। ਇਕ ਵਾਰ ਉਸ ਨੂੰ ਕਿਹਾ। ਪਤਾ ਨਹੀਂ ਕਿਵੇਂ ਕਹਿ ਗਈ। ਮੈਂ ਆਪ ਹੈਰਾਨ ਹਾਂ ਪਈ। ਜੇਹਾ ਕਿਵੇਂ ਪਿਆ ਕਹਿਣ ਦਾ। "ਚੰਦਰਿਆ, ਅਗੇ ਪਿਛੇ ਫਿਰਦਾ ਰਹਿਨਾਂ, ਕਦੇ ਕੋਈ ਚੱਜ ਦੀ ਗੱਲ ਵੀ ਕਰਿਆ ਕਰ।" "ਅਜ ਰਾਤੀ ਪਛਵਾੜੇ ਆ ਜਾਈਂ ਉਥੇ ਕਰਾਂਗੇ ਚੱਜ ਦੀਆਂ ਗੱਲਾਂ।" ਮੈਨੂੰ ਇੰਝ ਲੱਗਾ ਜਿਵੇਂ ਕਿਸੇ ਬੰਬ ਸਿਟ ਦਿਤਾ। ਮੂੰਹ ਮੇਰਾ ਲਾਲ ਹੋ ਗਿਆ ਕੰਨਾਂ ਦੀਆਂ ਕਰੂਲਾਂ ਤਕ। ਸੌ ਪਾਈ ਲਾਹਨਤ ਆਪਣੇ ਆਪ ਤੇ, ਪਈ ਕਰਲੈ ਚੱਜ ਦੀ ਗੱਲ। ਕੋਈ ਸੁਣ ਲੈਂਦਾ ਤਾਂ ਕੀ ਕਹਿੰਦਾ।'

ਕਾਰ ਥੱਲੇ ਨੂੰ ਜਾ ਕੇ ਇਕ ਦਮ ਉਤਾਂਹ ਨੂੰ ਹੋਈ ਜਿਵੇਂ ਕਿਸ਼ਤੀ ਲਹਿਰਾਂ ਤੇ ਹੁੰਦੀ ਹੈ। ਉਸ ਦੀ ਨਿਗਾਹ ਸਪੀਡੋਮੀਟਰ ਤੇ ਪਾਈ। "ਹੈਂ ਸੱਠ ਦੀ। ਦਸ ਮੀਲ ਓਵਰ ਸਪੀਡ।" ਅਸਲ ਵਿਚ ਨਵੀਂ ਕਾਰ ਕਰਕੇ ਪਤਾ ਈ ਨਹੀਂ ਲਗਦਾ। ਪਾਣੀ ਵਾਂਗ ਵਗੀ ਜਾਂਦੀ ਹੈ। ਪਾਵਰ ਸਟੇਰਿੰਗ, ਪਾਵਰ ਬਰੇਕ। ਉਸ ਨਾਲ ਦੀ ਸੀਟ ਤੇ ਦੋ ਤਿੰਨ ਵਾਰੀ ਹੱਥ ਮਾਰਕੇ ਥਾਪੀ ਦਿਤੀ। "ਜਿਉਂਦੀ ਰਹਿ ਨੀ।"

ਕੁੜੀ ਨੱਕੋ-ਨੱਕ ਵਿਸਮਾਦ ਮਈ ਹੋਈ ਪਈ ਸੀ। ਉਸ ਗੈਸੋਲੀਨ ਗੇਜ ਤੇ ਨਿਗਾਹ ਮਾਰੀ। ਪਟਰੋਲ ਪਵਾਉਣ ਦੀ ਲੋੜ ਸੀ। ਉਸ ਸਿਗਨਲ ਦੇ ਹਾਈਵੇ ਨਜ਼ਦੀਕ ਬਣੇ ਪਟਰੋਲ ਪੰਪ ਤੇ ਕਾਰ ਖੜੀ ਕਰ ਲਈ।

ਅੱਧ-ਖੜ ਉਮਰ ਦਾ ਗੋਰਾ, ਸਿਰ ਤੇ ਨੀਲੀ, ਕੌਡ੍ਹਿਆਂ ਵਰਗੀ ਟੋਪੀ ਨੂੰ ਖੁਰਕਦਾ ਦੌੜਾ ਆਇਆ। ਉਹ ਮੁਸਕਰਾਇਆ, ਜਿਵੇਂ ਪੁਛ ਰਿਹਾ ਹੋਵੇ, ਕਿੰਨੇ ਦਾ ਤੇਲ ਪਾਵਾਂ।' ਸੱਤੋ ਨੇ ਉਵੇਂ ਮਸਤੀ ਨਾਲ ਸੀਟ ਤੇ ਬੈਠਿਆਂ ਅੰਗੜਾਈ ਲੈਂਦਿਆਂ ਕਿਹਾ, "ਭਰ ਦੇ।" ਗੋਰੇ ਦੀਆਂ ਅੱਖਾਂ ਚਮਕੀਆਂ ਜਿਵੇਂ ਕੁਝ ਕਹਿਣਾ, ਚਾਹਉਂਦੀਆਂ ਹੋਣ। ਉਸ ਚਮਕ ਨੂੰ ਸੱਤੋ ਨੇ ਵੀ ਦੇਖ ਲਿਆ। ਸਾਧਾਰਨ ਹਾਲਤ ਵਿਚ ਹੁੰਦਿਆਂ ਉਸ ਆਪਣਾ ਚਿਹਰਾ ਕੱਸ ਲਿਆ ਤੇ ਕਾਰ ਚੋਂ ਉਤਰ ਵਾਸ਼ਰੂਮ ਵੱਲ ਚਲੇ ਗਈ।

ਗੋਰਾ ਪਿਛਉਂ ਉਸ ਦੇ ਛੱਤੀ, ਚੌਵੀ, ਛੱਤੀ ਦੇ ਸ਼ਰੀਰ ਨੂੰ ਨਿਹਾਰਦਾ ਰਿਹਾ। ਫਿਰ ਕਾਰ ਦੇ ਅਗਲੇ ਪਿਛਲੇ ਤੇ ਪਾਸਿਆਂ ਦੇ ਸੀਸੇ ਸਾਫ਼ ਕਰਨ ਲੱਗ ਪਿਆ। ਕਾਰ ਦੇ ਚੌਹਾਂ ਚੱਕਿਆਂ ਦੀ ਹਵਾ ਦੇਖੀ। ਔਇਲ ਚੈਕ ਕੀਤਾ। ਕੰਮ ਕਰਨ ਤੇ ਜਿਵੇਂ ਉਸਨੂੰ ਖੁਸ਼ੀ ਹੋ ਰਹੀ ਹੋਵੇ ਤੇ ਉਸਦੇ ਮੂੰਹੋਂ ਪੋਪਲੀ ਜਿਹੀ ਸੀਟੀ ਵਜਦੀ ਰਹੀ। ਸੱਤੋ ਦੇ ਆਉਣ ਤੇ ਉਸ ਚਿਹਰਾ ਹੁਸੀਨ ਕਰਦਿਆਂ ਕਿਹਾ, "ਤੇਰੀ ਕਾਰ ਬਹੁਤ ਸੋਹਣੀ ਹੈ।" ਸੱਤੋ ਨੇ ਧੰਨਵਾਦ ਕਰਦਿਆ ਉਸ ਦੇ ਹੱਥ ਪੈਸੇ ਫੜਾਏ। ਜਦ ਗੋਰਾ ਭਾਨ ਲੈ ਕੇ ਮੁੜਿਆ ਤਾਂ ਉਸ ਦੀ ਕਾਰ ਮਾੜੀ ਜਿਹੀ ਗਰਦ ਉਡਾਉਂਦੀ ਹੋਈ ਹਾਈਵੇ ਤੇ ਚੜ੍ਹ ਚੁਕੀ ਸੀ।

ਉਸ ਰੇਡੀਉ ਦੀ ਆਵਾਜ਼ ਥੋੜੀ ਜਿਹੀ ਹੋਰ ਉਚੀ ਕੀਤੀ। ਉਸ ਨੇ ਮਾੜਾ ਜਿਹਾ ਗੋਰੇ ਦਾ ਵੀ ਖਿਆਲ ਆਇਆ, ਕਿਵੇਂ ਹੱਵਸ਼ ਭਠੀਆਂ ਅੱਖਾਂ ਨਾਲ ਵੇਂਹਦਾ ਸੀ। ਇਹ ਤੇ ਵਿਚਾਰਾ ਹੈ ਈ ਕੁਝ ਨਹੀਂ। ਉਥੇ ਰੇਸਟੋਰੈਂਟ ਵਿਚ ਕਈ ਬਾਂਹ ਫੜਕੇ ਖੜੀ ਕਰ ਲੈਣਗੇ। ਕਹਿਣਗੇ, "ਤੇਰੇ ਨਾਲ ਗੱਲਾਂ ਕਰਨ ਦੀ ਭੁਖ ਹੈ। ਹੋਰ ਕੋਈ ਲੋੜ ਨਹੀਂ। ਬੱਸ ਜਰਾ ਖੜਕੇ ਗੱਲਾਂ ਕਰ ਲੈ।"...ਤੇ ਬੇਸ਼ਰਮ ਖਾ ਵੀ ਸਭ ਕੁਝ ਲੈਣਗੇ। ਉਂ ਇਸ ਤਰ੍ਹਾਂ "ਟਿੱਪ' ਚੰਗੀ ਬਣ ਜਾਂਦੀ ਹੈ। ਮੇਰਾ ਕੀ ਵਿਗੜ ਜਾਂਦਾ ਅਗਲੇ ਦਾ ਦਿਲ ਰਾਜ਼ੀ......। ਸੱਚ-ਮੁਚ ਮਾਈਕ ਨੇ ਮੈਨੂੰ ਬੜਾ ਬਦਲ ਦਿਤਾ। ਹੁਣ ਤਾਂ ਆਦਮੀਆਂ ਤੋਂ ਭੋਰਾ ਡਰ ਨਹੀਂ ਲਗਦਾ।

ਰੇਡੀਉ ਤੇ ਉਸ ਦੇ ਮਨ ਪਸੰਦ ਦਾ ਗੀਤ ਲੱਗਾ। ਉਹ ਸਟੇਰਿੰਗ ਤੇ ਝੂਮ ਝੂਮ, ਚੁਟਕੀਆਂ ਵਜਾ ਵਜਾ ਨਾਲ ਗਾਉਣ ਲੱਗੀ। ਉਸ ਦਾ ਮਾਈਕ ਵੀ ਇੰਝ ਹੀ ਕਰਿਆ ਕਰਦਾ ਹੈ। ਪਹਿਲਾਂ ਪਹਿਲ ਉਸ ਨੂੰ ਮਾਈਕ ਦੀ ਇਹ ਆਦਤ ਚੰਗੀ ਨਹੀਂ ਸੀ ਲੱਗਦੀ। ਅਕਸਰ ਉਹ ਸੋਚਿਆ ਕਰਦੀ ਸੀ। 'ਕਾਰ ਤੇਜ਼ ਜਾਂਦੀ ਹੈ। ਇਸ ਨੂੰ ਕੀ ਅੱਗ ਲੱਗੀ ਹੈ ਗਾਉਣ ਦੀ। ਕਿਤੇ ਲੱਗੂਗੀ, ਸੱਟ ਪੇਟ ਖਾਵਾਂਗੇ।' ਪਰ ਮਾਈਕ ਕਹਿੰਦਾ, "ਬੱਲੀਏ ਇਕ ਬਿੰਦ ਠਹਿਰ ਜਾ, ਮੇਰਾ ਗੀਤ ਨਾ ਖਰਾਬ ਕਰ। ਕਾਰ ਸਾਲੀ ਚਲਾਉਣ ਦਾ ਕੀ ਕੰਮ...ਖੇਹ ਤੋਂ ਬਾਏਂ ਹਾਥ ਦਾ ਖੇਲ ਹੈ।"......ਤੇ ਉਹ ਆਪਣੀ ਮਰਜ਼ੀ ਮੁਤਾਬਕ ਕਰਦਾ ਰਹਿੰਦਾ। ਉਹ ਮਾਈਕ ਨੂੰ ਨਹੀਂ ਸੀ ਬਦਲ ਸਕੀ, ਰਤਾ ਭਰ ਨਹੀਂ ਸੀ ਬਦਲ ਸਕੀ। ਪਰ ਮਾਈਕ ਨੇ ਉਸ ਨੂੰ ਪੂਰੀ ਦੀ ਪੂਰੀ ਬਦਲ ਦਿਤਾ ਸੀ।

ਗੀਤ ਖਤਮ ਹੋ ਗਿਆ। ਇਕ ਹੋਰ ਲੱਗਾ। ਉਹ ਉਸ ਨਾਲ

ਬਾਕੀ ਸਫ਼ਾ 15 'ਤੇ

ਸਥਾਈ ਕਾਲਮ

## ਅਜਮੇਰ ਰੋਡੇ

ਪਿਛਲੇ ਮਹੀਨੇ ਦੇ ਵਤਨੋਂ ਦੂਰ ਵਿਚ ਸ਼ਮਸ਼ੇਰ ਭੱਟੀ ਵਲੋਂ 'ਆਪਣੇ ਲੋਕ' ਬਾਰੇ ਇਕ ਪ੍ਰਤੀ-ਕਿਰਿਆ ਛਪੀ ਹੈ ਜਿਸ ਦਾ ਜਵਾਬ ਦੇਣ ਦੇ ਬਹਾਨੇ ਪਾਠਕਾਂ ਨਾਲ ਕੁੱਝ ਖਿਆਲ ਸਾਂਝੇ ਕਰਨੇ ਚਾਹੁੰਦਾ ਹਾਂ।

'ਆਪਣੇ ਲੋਕ' ਦਾ ਵਿਸ਼ਾ ਆਪਣੇ ਲੋਕਾਂ ਦੀਆਂ ਸਮੱਸਿਆਵਾਂ ਹਨ - ਵਿਸ਼ੇਸ਼ ਕਰਕੇ ਉਹ ਸਮੱਸਿਆਵਾਂ ਜੋ ਇਸ ਧਰਤੀ ਤੇ ਇਮੀਗਰੇਂਟ ਹੋਣ ਪਿੱਛੋਂ ਪੈਦਾ ਹੁੰਦੀਆਂ ਹਨ। ਇਨ੍ਹਾਂ ਸਮੱਸਿਆਵਾਂ ਨੂੰ ਸਾਦੀ ਬੋਲੀ ਅਤੇ ਸਾਹਿਤਕ ਢੰਗ ਨਾਲ ਲੋਕਾਂ ਸਾਹਮਣੇ ਪੇਸ਼ ਕਰਨਾ 'ਆਪਣੇ ਲੋਕ' ਦਾ ਆਸ਼ਾ ਹੈ।

'ਆਪਣੇ ਲੋਕ' ਦਾ ਕੋਈ ਵਿਸ਼ੇਸ਼ ਸਾਹਿਤਕ ਰੂਪ ਨਹੀਂ - ਕਦੀ ਇਹ ਕਹਾਣੀ ਵਾਂਗ ਲਗਦਾ ਹੈ ਕਦੀ ਨਾਟਕ ਵਾਂਗ ਤੇ ਕਦੀ ਲੇਖ ਵਾਂਗ। ਲਿਖਣ ਸਮੇਂ ਮੇਰੇ ਮਨ ਵਿਚ ਇਹ ਖਿਆਲ ਨਹੀਂ ਹੁੰਦਾ ਕਿ ਕੋਈ ਵੱਡਾ ਸਾਹਿਤਕਾਰ ਜਾਂ ਆਲੋਚਕ ਇਸ ਬਾਰੇ ਕੀ ਸੋਚੇਗਾ - ਮੇਰੇ ਮਨ ਉਤੇ ਤਾਂ ਸਾਡੀ ਬੋਲੀ ਦੀ ਸਾਦਗੀ ਤੇ ਵਿਸ਼ੇ ਦਾ ਪ੍ਰਭਾਵ ਭਾਰੂ ਹੁੰਦੇ ਹਨ। ਇਸ ਤਰ੍ਹਾਂ ਇਹ ਜੋ ਵੀ ਸਾਹਿਤਕ ਰੂਪ ਧਾਰਨ ਕਰ ਲਵੇ ਪਰਵਾਨ ਹੁੰਦਾ ਹੈ। ਇਹ ਗੱਲ ਨਵੇਂ ਤਜਰਬੇ ਕਰਨ ਵਾਂਗ ਮੈਨੂੰ ਦਿਲਚਸਪ ਤੇ ਠੀਕ ਵੀ ਲਗਦੀ ਹੈ। ਉਂਜ 'ਆਪਣੇ ਲੋਕ' ਨੂੰ ਕੋਈ ਮਹਾਨ ਲਿਖਤ ਹੋਣ ਦਾ ਭੁਲੇਖਾ ਨਹੀਂ। ਇਨ੍ਹਾਂ ਅਤਿ ਸਾਦੀਆਂ ਜਿਹੀਆਂ ਲਿਖਤਾਂ ਦੇ ਦੋ ਪ੍ਰੇਰਨਾ ਸਰੋਤ ਹਨ। ਇਕ ਤਾਂ ਦੂਜਿਆਂ ਵਾਂਗ, ਆਪਣੇ ਲੋਕਾਂ ਦੇ ਔਖੇ ਜੀਵਨ ਜਦੋਜਹਿਦ ਵਿਚ ਮੇਰੀ ਡੂੰਘੀ ਦਿਲਚਸਪੀ ਦੂਜੇ ਆਪਣੇ ਪਿੰਡ ਵਿਚ ਮਾਂ ਬਾਪ ਤੋਂ, ਅਹਿਰਣ ਦੁਆਲੇ ਬੈਠਣ ਵਾਲਿਆਂ ਤੋਂ ਹਾੜ੍ਹੀ ਵੱਢਣ ਸਮੇਂ ਨਾਲ ਦਿਆਂ ਤੋਂ ਸਿੱਖੀ ਬੋਲੀ ਨਾਲ ਮੇਰਾ ਡੂੰਘਾ ਮੋਹ। ਇਨ੍ਹਾਂ ਦੋਹਾਂ ਦੇ ਸੁਮੇਲ ਵਿਚੋਂ ਹੀ 'ਆਪਣੇ ਲੋਕ' ਦੀ ਰਚਨਾ ਹੁੰਦੀ ਹੈ।

ਨਵੀਂ ਸਭਿਅਤਾ ਨਵੀਂ ਸਥਿਤੀ ਤੇ ਸਾਡੀ ਵੱਖਰੀ ਪਿੱਠ ਭੂਮੀ ਦੇ ਕਾਰਨ ਇਸ ਧਰਤੀ ਤੇ ਸਾਡੀ ਹੋਂਦ ਇਕ ਵਿਸ਼ੇਸ਼ ਕਿਸਮ ਦਾ 'ਕਲਚਰ' ਬਣ ਗਈ ਹੈ। ਭਾਵੇਂ ਇਹ 'ਕਲਚਰ' ਸਦੀਵੀ ਨਾ ਰਹੇ ਪਰ ਅੱਜ ਇਸ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਹ ਸਾਰੇ ਲੋਕ ਜਿਨ੍ਹਾਂ ਦਾ ਮੁੱਢ ਭਾਰਤ ਜਾਂ ਪਾਕਿਸਤਾਨ ਹੈ - ਭਾਵੇਂ ਉਹ ਬਿਜ਼-ਨੈਸ ਮੈਨ, ਡਾਕਟਰ, ਮਿੱਲ ਵਰਕਰ, ਇਨਕਲਾਬੀ, ਇੰਜਨੀਅਰ, ਪ੍ਰੋਫੈਸਰ, ਵਕੀਲ ਜਾਂ ਕੁੱਝ ਵੀ ਹੋਰ ਹੋਣ ਇਸ 'ਕਲਚਰ' ਦਾ ਹਿੱਸਾ ਹਨ। ਹੋਰਾਂ ਵਾਂਗ ਇਸ 'ਕਲਚਰ' ਦੇ ਵੀ ਪਾਜ਼ਿਟਿਵ ਤੇ ਨੈਗੇਟਿਵ ਪੱਖ ਹਨ। ਜੋ ਸਮੱਸਿਆਵਾਂ ਨੈਗੇਟਿਵ ਪੱਖਾਂ ਕਰਕੇ ਉਪਜਦੀਆਂ ਹਨ ਉਨ੍ਹਾਂ ਵਿਚੋਂ ਕੁੱਝ 'ਆਪਣੇ ਲੋਕ' ਦਾ ਵਿਸ਼ਾ ਵੀ ਬਣ ਜਾਂਦੀਆਂ ਹਨ। ਕੁੱਝ ਦੋਸਤਾਂ ਦਾ ਇਤਰਾਜ਼ ਹੈ ਕਿ 'ਆਪਣੇ ਲੋਕ' ਵਿਚ ਕੇਵਲ ਨੈਗੇਟਿਵ ਪੱਖ ਹੀ ਲਏ ਜਾਂਦੇ ਹਨ। ਤੇ ਕੁੱਝ ਹੱਦ ਤੱਕ ਇਹ ਗੱਲ ਠੀਕ ਹੈ। ਮੇਰੇ ਖਿਆਲ ਵਿਚ ਆਪਣੇ ਪਾਜ਼ਿਟਿਵ ਪੱਖਾਂ ਬਾਰੇ ਆਪ ਹੀ ਗਾਣ ਗਾਈ ਜਾਣ ਨਾਲ ਬਹੁਤਾ ਕੁੱਝ ਸੌਰ ਨਹੀਂ ਸਕਦਾ। ਜੇ ਅਸੀਂ ਨੈਗੇ-ਟਿਵ ਪੱਖਾਂ ਬਾਰੇ ਲਿਖ ਕੇ ਆਪਣੇ ਲੋਕਾਂ ਨੂੰ ਇਨ੍ਹਾਂ ਤੋਂ ਸੁਚੇਤ ਕਰ ਸਕੀਏ ਤਾਂ ਫਿਰ ਇਹ ਪਾਜ਼ਿਟਿਵ ਗੱਲ ਹੋ ਜਾਂਦੀ ਹੈ। ਦੁਨੀਆਂ ਦੇ ਸਾਹਿਤ ਦਾ ਬਹੁਤ ਹਿੱਸਾ ਇਸੇ ਨਜ਼ਰੀਏ ਨੂੰ ਮੁੱਖ ਰੱਖ ਕੇ ਰਚਿਆਂ ਗਿਆ ਹੈ। ਜਿਥੋਂ ਤੱਕ ਸਮੱਸਿਆਵਾਂ ਦੇ ਹੱਲ ਦਾ ਸਵਾਲ ਹੈ ਇਹ ਇਤਨੀ ਸੌਖੀ ਗੱਲ ਨਹੀਂ ਹੈ।

'ਆਪਣੇ ਲੋਕ' ਵਿਚ ਅਕਸਰ ਗੁੱਝੇ ਤਰੀਕੇ ਨਾਲ ਇਸ ਪਾਸੇ ਵੱਲ ਇਸ਼ਾਰਾ ਹੁੰਦਾ ਹੈ - ਭਾਵੇਂ ਕਿ ਸਮੱਸਿਆਵਾਂ ਨੂੰ ਉਘਾੜਨਾ ਹੀ 'ਆਪਣੇ ਲੋਕ' ਦਾ ਮੁੱਖ ਮੰਤਵ ਹੈ। ਸਾਹਿਤਕ ਲਿਖਤਾਂ ਵਿਚ ਕਿਸੇ ਹੱਲ ਨੂੰ ਸਿੱਧਾ ਪੇਸ਼ ਕਰਨ ਦੀ ਬਜਾਏ ਉਸ ਵੱਲ ਅਕਸਰ ਲੁਕਵੇਂ ਢੰਗ ਨਾਲ ਸੰਕੇਤ ਕੀਤਾ ਜਾਂਦਾ ਹੈ ਜੋ ਪਾਠਕ ਦੇ ਮਨ ਤੇ ਕਿਤੇ ਵੱਧ ਪ੍ਰਭਾਵ ਛੱਡਦਾ ਹੈ। ਤੇ ਏਹੋ ਸਾਹਿਤ ਦੀ ਦੂਜੀਆਂ ਲਿਖਤਾਂ ਦੇ ਮੁਕਾਬਲੇ ਵਿਚ ਵੱਡੀ ਖੂਬੀ ਹੈ।

ਆਪਣੇ ਲੋਕ ਦਾ ਵਿਸ਼ਾ ਕਿਸੇ ਕਿਸਮ ਦੀ 'ਲੋਕ-ਕਰੁਣਾ' ਬਿਲਕੁਲ ਨਹੀਂ। ਆਪਣੇ ਲੋਕਾਂ ਨੂੰ ਮੈਂ ਕਿਸੇ ਤਰਸ ਦੇ ਪਾਤਰ ਨਹੀਂ ਸਮਝਦਾ। ਉਹ ਬਾਕੀ ਕੌਮਾਂ ਦੇ ਲੋਕਾਂ ਵਾਂਗ ਹੀ ਮੁਸ਼ਕਲਾਂ ਨਾਲ ਜੂਝਦੇ ਹਨ। ਸ਼ਮਸ਼ੇਰ ਭੱਟੀ ਦੀ ਆਲੋਚਨਾ ਨੂੰ ਮੈਂ ਜੀ ਆਇਆਂ ਆਖਦਾ ਹਾਂ ਪਰ ਇਸ ਵਿਚੋਂ ਕੋਈ ਵਿਚਾਰ ਸੁਝਾ ਨਹੀਂ ਉਭਰਦਾ। ਦੂਜੇ ਪਾਠਕਾਂ ਦੀ ਸੂਝ ਬਾਰੇ ਆਪਣੀ ਰਾਇ ਦੇਣੀ ਵੀ ਬਹੁਤੀ ਵਧੀਆ ਗੱਲ ਨਹੀਂ। ਸ਼ਮਸ਼ੇਰ ਨੂੰ ਮੇਰਾ ਸੁਝਾ ਹੈ ਕਿ ਉਹ 'ਲੋਕ-ਹਿਤਾਂ' ਦੀ ਗੱਲ 'ਲੋਕ-ਬੋਲੀ' ਵਿਚ ਹੀ ਕਰਨ ਦੀ ਕੋਸ਼ਿਸ਼ ਕਰੇ।

ਜ਼ਰੂਰੀ ਰੁਝੇਵਿਆਂ ਕਾਰਨ ਕੁੱਝ ਮਹੀਨਿਆਂ ਤੋਂ 'ਆਪਣੇ ਲੋਕ' ਲਿਖਿਆ ਨਹੀਂ ਜਾ ਸਕਿਆ — ਅਗਲੇ ਮਹੀਨੇ ਤੋਂ ਉਮੀਦ ਹੈ ਫੇਰ ਬਕਾਇਦਗੀ ਨਾਲ ਸ਼ੁਰੂ ਹੋ ਜਾਵੇਗਾ। ਪਾਠਕਾਂ ਦਾ ਪ੍ਰਤੀਕਰਮ (ਚਿੱਠੀਆਂ ਤੇ ਟੈਲੀਫ਼ੂਨ ਰਾਹੀਂ) ਅਕਸਰ ਉਤਸ਼ਾਹ ਜਨਕ ਹੀ ਰਿਹਾ ਹੈ। ਜਿਸਨੇ ਹਮੇਸ਼ਾ ਹੋਰ ਲਿਖਣ ਲਈ ਪ੍ਰੇਰਨਾ ਦਿੱਤੀ ਹੈ।

---

ਸਫ਼ਾ 12 ਦੀ ਬਾਕੀ

ਵੀ ਗਾਉਣ ਲੱਗ ਪਈ। ਪਰ ਏਨਾ ਸੁਆਦ ਨਹੀਂ ਸੀ ਆ ਰਿਹਾ ਗਾਉਣ ਦਾ। ਉਹ ਥੋੜਾ ਜਿਹਾ ਖਿਝ ਗਈ। ਖਿਝ ਕੇ ਉਸ ਰੇਡੀਓ ਬੰਦ ਕਰ ਦਿਤਾ। "ਕੀ ਬਕ ਬਕ ਲਾਈ ਸੀ ਉਲੂ ਦੇ ਪੱਠੇ ਨੇ।"... ਤੇ ਉਸ ਹਿੰਦੀ ਦੇ ਗੀਤਾਂ ਦੀ ਟੇਪ ਲਾ ਲਈ। ਫਿਲਮੀ ਕਲਾਕਾਰ ਡਾਇਲਾਗ ਬੋਲ ਰਹੇ ਸੀ। ਇਸ ਤੋਂ ਬਾਅਦ ਇਕ ਬੜਾ ਹੀ ਸੋਹਣਾ ਗੀਤ ਸ਼ੁਰੂ ਹੋ ਗਿਆ। ਉਹ ਵੀ ਗੀਤ ਨਾਲ ਝੂਮਣ ਲੱਗ ਪਈ। ਮੋੜ-ਘੋੜ ਵਾਲੀ ਸੜਕ। ਤੇਜ਼ ਸਪੀਡ। ਜਿਧਰ ਨੂੰ ਕਾਰ ਮੁੜਦੀ ਉਹ ਉਧਰ ਨੂੰ ਹੀ ਉਲਟ ਜਾਂਦੀ। ਕਾਰ ਸਿਧੀ ਹੋ ਜਾਂਦੀ ਉਹ ਵੀ ਸਿਧੀ ਹੋ ਜਾਂਦੀ। ਫਿਲਮ ਵਿਚ ਵੀ ਏਹੋ ਜਿਹੀ ਸੜਕ ਤੇ ਹੀਰੋਇਨ ਗੀਤ ਗਾਉਂਦੀ ਸੀ। ਏਸੇ ਤਰ੍ਹਾਂ ਦੇ ਹੀ ਮੋੜ ਘੋੜ ਸਨ ਤੇ ਇਹੋ ਜਿਹੀ ਹੀ ਸੀਨਰੀ। ਸੜਕ ਮਾੜੀ ਜਿਹੀ ਸਿਧੀ ਆਈ, ਉਸ ਕਾਰ ਹੋਰ ਤੇਜ਼ ਕਰ ਲਈ। ਕੋਈ ਹੋਰ ਸੁਰੀਲਾ, ਚੁਟਕੀਲਾ ਗਾਣਾ ਸ਼ੁਰੂ ਹੋ ਗਿਆ। ਉਹ ਹੋਰ ਝੂਮ ਉਠੀ, ਬਾਵਰੀ ਹੋ ਗਈ। ਉਸ ਦੀ ਡਰਾਈਵਿੰਗ ਇੰਜ ਹੋ ਗਈ ਜਿਵੇਂ ਸ਼ਰਾਬ ਪੀਤੀ ਹੋਵੇ। ਮੋੜ ਆਇਆ ਮਮੂਲੀ ਜਿਹਾ, ਮੋੜ ਬਾਅਦ ਇਕ ਦਮ ਇਕ ਟਰੱਕ ਆਇਆ ਵੱਡਾ ਸਾਰਾ, ਦਿਉ ਦਾ ਦਿਉ। ਸੱਤੋ ਨੇ ਫੁਰਤੀ ਨਾਲ ਆਪਣੀ ਕਾਰ ਨੂੰ ਵੱਟਿਆ। ਉਹ ਅੱਧੀ ਦੂਜੀ ਲਾਈਨ ਵਿਚ ਜਾ ਰਹੀ। ਇਸ ਤਰ੍ਹਾਂ ਕਰਨ ਨਾਲ ਉਸ ਦੀ ਕਾਰ ਕੱਚੇ ਉੱਤਰ ਗਈ ਬੱਜਰੀ ਤੇ। ਕਾਰ ਨੂੰ ਬਾਹਰ ਵੱਲ ਹੋਰ ਖਿਚਿਆ। ਉਸ ਤੋਂ ਅਗੇ ਖੱਡ...ਹੈਂ !...ਬਹੁਤ ਡੂੰਘੀ...। ਸੱਤੋ ਨੇ ਫਿਰ ਇਕ ਦਮ ਦੂਜੇ ਪਾਸੇ ਨੂੰ ਵੱਟਿਆ। ਉਸ ਦੇ ਮੱਥੇ ਤੇ ਤਰੇਲੀ ਆ ਗਈ। ਟਰੱਕ ਹੋਰ ਉਤੇ ਆ ਚੜ੍ਹਿਆ। ਬਰੇਕ ਤੇ ਪੈਰ, ਕਾਰ ਨੇ ਜਿਵੇਂ ਇਕ ਛਾਲ ਮਾਰੀ। ਕੰਨ ਪਾੜਵਾਂ ਖੜਾਕ ਹੋਇਆ। ...ਟਰੱਕ ਦੀਆਂ ਬਰੇਕਾਂ ਦਾ ਕੁਰਲਾਹਟ......ਕਾਰ ਪਹਾੜੀ ਵਿਚ ਵੱਜੀ। ਟਰੱਕ ਕਾਰ ਤੋਂ ਕੁਝ ਫੁਟ ਪਿਛੇ ਰੁਕ ਚੁਕਾ ਸੀ। ਦੂਜੀ ਲਾਈਨ ਦੀ ਟਰੈਫਿਕ ਵੀ ਰੁਕ ਗਈ। ਸੱਤੋ ਨੇ ਢਹਿੰਦੇ ਦਿਲ ਨਾਲ ਕਾਰ ਪਿਛੇ ਕਰਕੇ ਸਿਧੀ ਕੀਤੀ। ਉਸ ਦੀ ਹਿੰਮਤ ਨਾ ਪਈ ਕਿਸੇ ਨਾਲ ਅੱਖਾਂ ਮਲਾਉਣ ਦੀ। ਟਰੱਕ ਡਰਾਈਵਰ ਕੁਝ ਕਹਿ ਰਿਹਾ ਸੀ। ਜਿਸ ਦੀ ਅਵਾਜ਼ ਸੱਤੋ ਦੇ ਕੰਨਾਂ ਤਕ ਪਹੁੰਚਦੀ ਹੋਈ ਵੀ ਕੋਈ ਸ਼ਬਦ-ਸੰਕੇਤ ਨਹੀਂ ਸੀ ਕਰਦੀ। ਉਸ ਮੁਜ਼ਰਮ ਵਾਂਗ ਉਥੋਂ ਛੇਤੀ ਤੁਰਨਾ ਹੀ ਚੰਗਾ ਸਮਝਿਆ। ਥੋੜੀ ਦੂਰ ਅਗੇ ਆ ਉਸ ਵਿਯੂ ਪੌਇੰਟ ਤੇ ਆਪਣੀ ਕਾਰ ਖੜੀ ਕੀਤੀ। ਖੁਲੀ ਹਵਾ ਵਿਚ ਦੋ ਚਾਰ ਕਦਮ ਟਹਿਲ ਕੇ ਉਸ ਆਪਣੇ ਦਿਲ ਦੀ ਹਰਕਤ ਨੂੰ ਟਿਕਾਣੇ ਕੀਤਾ। ਫਿਰ ਕਾਰ ਦਾ ਹੋਇਆ ਨੁਕਸਾਨ ਦੇਖਿਆ। ਕਾਰ ਕਾਫ਼ੀ ਭੱਜ (ਟੁੱਟ) ਗਈ ਸੀ। ਉਸ ਨੇ ਨੁਕਸਾਨ ਦੀ ਪਰਵਾਹ ਨਾ ਕਰਦਿਆਂ ਹੋਇਆ, ਸੋਚਿਆ 'ਸ਼ੁਕਰ' ਹੈ ਜਾਨ ਬਚ ਗਈ। ਨਹੀਂ ਤਾਂ ਅਜ ਹੀ ਜਾਹ ਜਾਂਦੀ ਹੋ ਜਾਣੀ ਸੀ।' ਥੋੜਾ ਚਿਰ ਹੋਰ ਘੁੰਮ ਫਿਰ ਕੇ ਉਸ ਕਾਰ ਮੰਜ਼ਲ ਵੱਲ ਤੌਰ ਲਈ। ਕੱਠੀ ਹੋਈ ਟਰੈਫਿਕ ਲੰਘ ਚੁਕੀ ਸੀ। ਹੁਣ ਉਸ ਦੀ ਕਾਰ ਸਪੀਡ ਤੋਂ ਵੀ ਕੁਝ ਮੀਲ ਘੱਟ ਹੀ ਜਾ ਰਹੀ ਸੀ। ਟੇਪਰਿਕਾਰਡ ਤੇ ਕੀ ਗੀਤ ਵੱਜ ਰਿਹਾ ਹੈ। ਇਸ ਦੀ ਉਸਨੂੰ ਕੋਈ ਸਾਰ ਨਹੀਂ ਸੀ। ਅਜੇ ਤਕ ਵੀ ਅਜ ਦੀ ਘਟਨਾ ਦਾ ਸਹਿਮ ਉਸ ਦੇ ਦਿਲ ਤੇ ਸੀ। ਤੇ ਫਿਰ ਉਸ ਅਜ ਦੀ ਘਟਨਾ ਨੂੰ ਆਈ ਗਈ ਕਰਨੋ ਵਾਸਤੇ ਅਜ ਦੀ ਸ਼ਾਪਿੰਗ ਵਾਰੇ ਸੋਚਨਾ ਅਰੰਭ ਦਿਤਾ।

(SOAMISH, B. C.)

ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



New Store
9:00 a.m. to 6:30 p.m.

BHARTI ART JEWELLERS

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

# ਝੂਠੇ ..... ਛੁਵਾਰੇ .....

ਦੇਵਿੰਦਰ ਦੀਦਾਰ

ਮੈਂ ਅਜੇ ਪਿੰਡ ਵਾਲਾ ਮੋੜ ਮੁੜਿਆ ਹੀ ਸਾਂ ਕਿ ਪਿੰਡ ਵਲੋਂ ਇਕ ਗੰਦੇ ਜਹੇ ਰਿਕਾਰਡ ਦੀ ਆਵਾਜ਼ ਨੇ ਮੇਰੇ ਕੰਨਾਂ ਦਾ ਸਵਾਗਤ ਕੀਤਾ। ਅੱਠਾਂ ਦਿਨਾਂ ਬਾਅਦ ਸ਼ਹਿਰ ਦੀ ਠੱਕ ਠੱਕ ਤੋਂ ਬਚਣ ਲਈ ਪਿੰਡ ਆਈਦਾ ਏ ਤੇ ਪਿੰਡ ਆਇਆਂ ਇਹ ਸਪੀਕਰਾਂ ਵਾਲੇ ਨਹੀਂ ਸੌਣ ਦੇਂਦੇ, ਕਦੀ ਕਿਸੇ ਦਾ ਵਿਆਹ, ਕਦੀ ਕਿਸੇ ਦੇ ਛਵਾਰਾ; ਕਦੀ ਕਿਸੇ ਦੇ ਖੰਡ-ਪਾਠ ਤੇ ਕਦੀ ਕਿਸੇ ਮਰੇ ਦਾ ਇਕੱਠ, ਤੇ ਫੇਰ ਸਾਰੀ ਸਾਰੀ ਰਾਤ ਇਹ ਰਿਕਾਰਡ ਤੇ ਰਿਕਾਰਡ। ਸੱਚੀਂ ਭਲੇ ਦਾ ਤੇ ਜ਼ਮਾਨਾ ਹੀ ਨਹੀਂ, ਪੰਚਾਇਤ ਨੂੰ ਵੀ ਕਹਿ ਕੇ ਵੇਖ ਲਿਆ ਏ ਤੇ ਮੁੰਡੀਰਵਾਦੇ ਨੂੰ ਵੀ ਸਮਝਾ ਹਟੇ ਹਾਂ, ਉਸ ਵਕਤ ਤਾਂ ਸਾਰੇ ਹੀ ਮੰਨ ਜਾਂਦੇ ਹਨ ਪਰ ਅਗਲੇ ਹੀ ਦਿਨ...... "ਭਾਈਏ ਦੀ ਕੱਛ ਵਿਚ ਗੋਹ ਵੜ ਗਈ।"

ਕੋਈ ਕਿੱਲਾ ਕੁ ਅਗੇ ਗਿਆ ਤਾਂ ਅਗੋਂ ਖੱਦਰ ਦੀ ਪੁਸ਼ਾਕ ਪਾਈ, ਮੋਢੇ ਤੇ ਪਿਸਤੌਲ ਲਟਕਾਈ, ਸਰਪੰਚ ਸਾਹਿਬ ਮੋੜ ਵਲ ਆ ਰਿਹਾ ਸੀ। ਸਰਪੰਚ ਵਲ ਵੇਖਦਿਆਂ ਹੀ ਮੈਨੂੰ ਵਿਚਾਰ ਜਹੀ ਆਈ ਕਿ ਗਾਂਧੀ ਤਾਂ ਸ਼ਾਂਤੀ ਦਾ ਪੁਜਾਰੀ ਸੀ, ਫਿਰ ਇਹ ਗਾਂਧੀ ਪੁਸ਼ਾਕ ਨਾਲ ਭਲਾ ਪਿਸਤੌਲ ਦੀ ਕੀ ਜ਼ਰੂਰਤ ਏ, ਪਰ ਝਟ ਕੁ ਬਾਅਦ ਹੀ ਮੈਨੂੰ ਆਪਣੀ ਇਸ ਸੋਚ ਤੇ ਸ਼ਰਮ ਜਹੀ ਮਹਿਸੂਸ ਹੋਈ, ਕਿ ਪਿਛਲੇ ਛੱਬੀ ਸਾਲਾਂ ਤੋਂ ਇਸ ਗਾਂਧੀ ਪੁਸ਼ਾਕ ਦਾ ਹੀ "ਲੋਕ ਰਾਜ" ਚਲਿਆ ਆ ਰਿਹਾ ਏ ਤੇ ਇਸ ਨੇ ਕਿਸ ਪ੍ਰਾਂਤ ਵਿਚ ਪਿਸਤੌਲ ਤੇ ਬੰਦੂਕ ਨੂੰ ਵਰਜਿਤ ਰਖਿਆ ਏ।

ਜਿਵੇਂ ਜਿਵੇਂ ਮੇਰੀ ਤੇ ਸਰਪੰਚ ਦੀ ਦੂਰੀ ਘੱਟਦੀ ਜਾ ਰਹੀ ਸੀ, ਤਿਵੇਂ ਤਿਵੇਂ ਮੈਨੂੰ ਆਪਣੇ ਆਪ ਉਤੇ ਗੁਸਾ ਆ ਰਿਹਾ ਸੀ। ਨਾ ਚਹੁੰਦਿਆਂ ਹੋਇਆਂ ਵੀ ਜਿਵੇਂ ਇਸ ਨੇ ਸਾਥੋਂ ਵੋਟਾਂ ਲੈ ਲਈਆਂ ਸਨ, ਉਵੇਂ ਹੀ ਇਸ ਨੇ ਸੱਤ-ਕੁ-ਸੱਤ ਵੀ ਲੈ ਲੈਣੀ ਏ। (ਪਿੰਡ-ਵਸੀ ਦਾ-ਡਰ ਏ, ਨਹੀਂ ਤਾਂ ਇਸ ਤਰ੍ਹਾਂ ਦੇ ਬੰਦੇ ਦੇ ਮੱਥੇ ਲਗਣਾ ਵੀ ਪਾਪ ਏ।)

"ਸਾਸਰੀ ਕਾਲ ਸਰਪੰਚ ਸਾਹਿਬ।" ਮੈਂ ਸਾਈਕਲ ਨੂੰ ਤੇਜ਼ ਕਰਦਾ ਹੋਇਆ ਬੋਲਿਆ।

"ਸਾਸਰੀ ਕਾਲ ਮਿਸਤਰੀ ਸਾਹਿਬ, ਸਾਸਰੀ ਕਾਲ, ਕੀ ਹਾਲ ਚਾਲ ਏ, ਮਿਸਤਰੀ ਜ਼ਰਾ ਰੁਕ ਤਾਂ ਸਹੀ ਬੜਾ ਬੰਬੂ ਕਾਟ ਤੇ ਚੜ੍ਹਿਆ ਜਾਨਾ......।"

ਮੈਂ ਉਤੋਂ ਥਲਿਉਂ ਕੰਬ ਜਿਹਾ ਗਿਆ, ਵੋਟਾਂ ਤਾਂ ਸਾਰੀਆਂ ਵੀ ਲੰਘ ਗਈਆਂ ਹਨ ਫਿਰ ਇਹ ਮਿਸਤਰੀ ਦੇ ਨਾਲ ਸਾਹਬ, ਰੱਬਾ ਸੁਖ ਰਖੀਂ ਆਖਦੇ ਨੇ ਸਾਹਨ ਅੜਿੰਗੇ ਤੇ ਉਲੂ ਦਾ ਪ੍ਰਛਾਵਾਂ ਦਿਸੇ ਤਾਂ ਸੁਖ ਨਹੀਂ ਵਾਪਰਦੀ......।

"ਹਾਲ ਚਾਲ ਜੀ ਤਾਂ ਸਭ ਸੁਖ ਸਾਂਦ ਏ......, ਬਸ ਤੁਹਾਡੀ ਮੇਹਰ ਚਾਹੀਦੀ ਏ। (ਮਿਹਰ ਭਾਵੇਂ ਤੂੰ ਸੜੇ ਪਿਉ ਤੇ ਵੀ ਨਹੀਂ ਕਰਦਾ।) ਐ ਵਾਜਾ ਕਿਧਰ ਵਜਾ ਤਾਂ ਸਰਪੰਚ ਸਾਹਬ।" ਮੈਂ ਆਪਣੇ ਬਾਬੇ ਦੀ ਉਮਰ ਦੇ ਸਾਈਕਲ ਨੂੰ ਵਟ ਨਾਲ ਲੱਤ ਲਾ ਕੇ ਮਸਾਂ ਰੋਕਿਆ।

"ਵਾਜਾ......, ਤੈਨੂੰ ਨਹੀਂ ਪਤੇ ? ਕਰਮ ਸਿਹੁੰ ਦੇ ਮੁੰਡੇ ਦਾ ਛਵਾਰੇ, ਉਧਰ ਖੜਕ ਰਿਹਾ।" ਸਰਪੰਚ ਨੇ ਮੁਸਕਣੀਆਂ ਵਿਚ ਹੱਸਦੇ ਹੋਏ ਨੇ ਮੁਛਾਂ ਤੇ ਹੱਥ ਫੇਰਿਆ।

ਮੈਂ ਵੀ ਹੁਣ ਤਕ ਸੋਚ ਚੁਕਾ ਸਾਂ ਕਿ ਉਏ ਤਖਾਣਾ, ਤੋਂ ਮਿਸਤਰੀ ਸਾਹਿਬ ਦੀ ਪੱਦਵੀ ਹਾਸਲ ਕਰਨ ਦਾ ਕੀ ਕਾਰਨ ਹੋ ਸਕਦਾ ਏ, ਜ਼ਰੂਰ ਰੱਚੜ ਦੀ ਬੰਬੀ ਖਰਾਬ ਹੋਣੀ ਏ।

"ਮਿਸਤਰੀ ਜੀ, ਐ ਬੰਬੀ ਬੜਾ ਤੰਗ ਕਰ ਰਹੀ ਐ, ਪਤਾ ਨਹੀਂ ਕੀ ਗੱਲ ਐ ਚਲਦੀ ਚਲਦੀ ਦਾ ਪਾਣੀ ਉਤਰ ਜਾਂਦੈ, ਹਰ ਦੂਸਰੇ ਦਿਨ ਡੋਰੀ ਪਾਉਣੀ ਪੈਂਦੀ ਏ, ਤੂੰ ਤਾਂ ਕੁਝ ਸਿਆਣਾ, ਬਾਕੀ ਪਿੰਡ ਦੇ ਤਰਖਾਣ ਤਾਂ ਬੁਚੜਖਾਨੇ ਦੇਣ ਵਾਲੇ ਨੇ......। (ਦੋ ਘੜੀ ਬਾਦ ਮੇਰਾ ਨੰਬਰ ਵੀ ਉਹਨਾਂ

ਤਰਖਾਣਾ ਵਿਚ ਆ ਜਾਣਾ ਏ।)

ਦੂਰੋਂ ਏਨਾ ਬੀਬਾ ਤੇ ਸ਼ਰੀਫ਼ ਦਿਸਣ ਵਾਲੇ ਸਰਪੰਚ ਦਾ ਚਿਹਰਾ ਏਨਾ ਭਿਆਨਕ ਸੀ ਕਿ ਮੈਨੂੰ ਝਟ ਉਸ ਦਾ ਪੱਕੇ "ਕਾਂਗਰਸੀ" ਹੋਣ ਦਾ ਯਕੀਨ ਆ ਗਿਆ। ਭੱਖਦੀਆਂ ਅੱਖਾਂ ਤੇ ਲਾਲ ਦੱਗ ਦੱਗ ਕਰਦਾ ਚਿਹਰਾ, ਜਿਵੇਂ ਪਿੰਡ ਦੇ ਗ਼ਰੀਬ ਗੁਰਬਿਆਂ ਦਾ "ਖ਼ੂਨ ਬੈਂਕ" ਹੋਵੇ। ਪਿੰਡ ਵਲੋਂ ਅਜੇ ਵੀ ਵਾਜੇ ਦੀ ਕੰਨ ਪਾੜਵੀਂ ਅਵਾਜ਼ ਆ ਰਹੀ ਸੀ। "......ਬਾਬਾ ਵੇ ਕਲਾ ਮਰੋੜ......।" (ਬਾਬਾ ਕੰਜਰ ਵੀ ਇਸੇ ਵਰਗਾ ਹੋਣਾ ਏ।)

"ਸਰਪੰਚ ਸਾਹਿਬ, ਮੈਂ ਤੁਹਾਡੇ ਨਾਲ ਉਸ ਦਿਨ ਵੀ ਗੱਲ ਕੀਤੀ ਸੀ ਐ ਪਿੰਡੋਂ ਵਾਜਾ ਤਾਂ ਬੰਦ ਕਰਵਾਉ......, ਤੁਸੀਂ ਸਿਆਣੇ ਜੇ ਐ ਰਿਕਾਰਡ ਭਲਾ ਘਰਾਂ 'ਚ ਵਜਣ ਵਾਲੇ ਨੇ......।"

"ਮਿਸਤਰੀ ਤੈਨੂੰ ਤਾਂ ਪਤੈ ਕਿ ਮੈਂ ਤੇ ਵਾਜੇ ਵੂਜੇ ਨੂੰ ਪਸੰਦ ਨਹੀਂ ਕਰਦਾ। (ਆਪਣੇ ਮੁੰਡੇ ਦੇ ਵਿਆਹ ਵਿਚ ਇਸ ਨੇ ਤਿੰਨ ਦਿਨ ਵਾਜਾ ਬੰਦ ਨਹੀਂ ਸੀ ਹੋਣ ਦਿਤਾ।) ਪਰ ਕੀ ਕਰੀਏ ਮਿਸਤਰੀ ਅਜ ਕੱਲ੍ਹ ਕੌਣ ਕਿਸੇ ਦੀ ਮੰਨਦਾ। ਨਾਲੇ ਕਿਸੇ ਨੂੰ ਆਖਣ ਦੇ ਦਿਨ ਵੀ ਨਹੀਉਂ, ਅਗਲੇ ਤਾਂ ਨਵੀਂ ਚਲੀ ਪਲਸਟਰ ਵਾਂਗ ਗੱਲ ਪੈਂਦੇ......, ਨਾਲੇ ਕਰਮ ਸਿਹੁੰ ਵਿਚਾਰੇ ਨੂੰ ਕੀ ਆਖਣਾ ਸੀ, ਮਸਾਂ ਮਸਾਂ ਤਾਂ ਉਸ ਦੇ ਮੁੰਡੇ ਦੇ ਲਗਨ ਖੁੱਲ੍ਹੇ ਨੇ......।"

"ਲਗਨ ਤਾਂ ਬੜੀਵਾਰ ਖੁਲ੍ਹੇ ਨੇ ਸਰਪੰਚ ਸਾਹਿਬ ਪਰ ਕੋਈ ਸਿਰੇ ਹੀ ਨਹੀਂ ਚੜ੍ਹਦਾ...... ।" ਮੈਨੂੰ ਕਰਮ ਸਿੰਘ ਦੇ ਕਰਮਾ ਤੇ ਬੜਾ ਤਰਸ ਆਇਆ। ਪਰ ਸਰਪੰਚ ਸਾਹਿਬ ਹੁਣ ਜ਼ਿਆਦਾ ਵਕਤ ਫਜ਼ੂਲ ਗੱਲਾਂ ਵਿਚ ਨਹੀਂ ਸੀ ਗਵਾਉਣਾ ਚਾਹੁੰਦੇ ਜਲਦੀ ਨਾਲ ਬੋਲੇ।

"......ਯਾਰ ਚੜ੍ਹਨਾ ਹੋਊ ਤਾਂ ਆਪੇ ਚੜ੍ਹ ਜਾਊ, ਆਪਾਂ ਭਲਾ ਵਿਚੋਂ ਕੀ ਲੈਣਾ ਏ......ਹਾਂ ਯਾਰ ਤੂੰ ਬੰਬੀ ਵਲ ਜ਼ਰੂਰ ਚੱਕਰ ਮਾਰ ਆਵੀਂ। (ਉਹ ਮੇਰੇ ਵੱਡੇ ਹੀ ਸਨ ਸਰਪੰਚਾ, ਜੋ ਆਪਣੀ ਸੇਪ ਨਾਲੋਂ ਜ਼ਿਆਦਾ ਤੇਰੇ ਵਰਗਿਆਂ ਦੀਆਂ ਵਗਾਰਾਂ ਕਰਦੇ ਸਨ।) ਮੈਂ ਰਤਾ ਕੁ ਸ਼ਹਿਰ ਚਲਿਆਂ।"

ਉਸ ਦੇ ਸ਼ਹਿਰ ਜਾਣ ਦਾ ਮਕਸਦ ਮੈਂ ਸਮਝਦਾ ਸਾਂ, ਉਸ ਵਿਚਾਰੇ ਤੇ ਪੁਲਸ ਪਵਾਊ......, ਇਸੇ ਦੇ ਬੰਦਿਆਂ ਉਸ ਨੂੰ ਸ਼ਰਾਬ ਦਿੱਤੀ ਹੋਣੀ ਏ ਤੇ ਇਹ ਹੀ ਮੁਖ਼ਬਰੀ ਕਰਨ ਤੁਰ ਪਿਐ।

ਮੈਂ ਚੀਕੂੰ ਚੀਕੂੰ ਕਰਦੇ ਸਾਇਕਲ ਨੂੰ ਮੁੜ ਸੰਭਾਲਿਆ ਤੇ ਪਿੰਡ ਵਲ ਵਧਣ ਲਗਾ। ਵਾਜੇ ਦੀ ਭੜਥੂ ਜਿਹਾ ਪਾਉਂਦੀ ਅਵਾਜ਼ ਅਜੇ ਵੀ ਚੀਕ ਰਹੀ ਸੀ।

ਇਕ ਦਿਲ ਜੋ ਡਰ ਗਿਆ ਸੀ, ਉਹ ਮੈਨੂੰ ਸਰਪੰਚ ਦੀ ਬੰਬੀ ਵਲ ਖਿਚ ਰਿਹਾ ਸੀ, ਤੇ ਇਕ ਦਿਲ ਜੋ ਧੜੱਲੇਦਾਰ ਸੀ, ਆਖ ਰਿਹਾ ਸੀ, 'ਤੂੰ ਆਪਣੀ ਕਰਨੈ, ਆਪਣੀ ਖਾਨੈ, ਫਿਰ ਡਰੀ ਕਿਉਂ ਜਾਨੈ ?' ਕਰਕੇ ਖਾਣ ਤੇ ਮੈਨੂੰ ਨਿਆਣਿਆਂ ਦਾ ਚੇਤਾ ਆ ਗਿਆ, ਜਿੰਨ੍ਹਾ ਬਦਲੇ ਨਾਂ ਹਨੇਰ ਦੇਖੀ ਦੀ ਏ ਨਾ ਸਵੇਰ, ਬਸ ਦਿਨ ਰਾਤ ਇਕ ਕਰਕੇ ਜੁੱਟੇ ਰਹੀਦਾ ਏ ਤੇ ਨਿਆਣਿਆਂ ਦੇ ਨਾਲ ਹੀ ਨਿਆਣਿਆਂ ਦੀ ਮਾਂ ਦਾ ਡਰਾਉਣਾ ਜਿਹਾ ਚਿਹਰਾ ਮੇਰੀਆਂ ਅੱਖਾਂ ਅਗੋਂ ਦੀ ਲੰਘ ਗਿਆ। ਪਿਛਲੇ ਹਫਤੇ ਚੀਜ਼ਾਂ ਦੀ ਲਿਸਟ ਉਥੇ ਰੱਖਣ ਲਈ ਕਿਹਾ ਸੀ, ਜਿਥੇ ਮੈਨੂੰ ਚੇਤਾ ਨਾ ਭੁਲੇ। ਪਰ ਜਦੋਂ ਜੇਬਾਂ ਖਾਲੀ ਹੋਣ ਤਾਂ ਚੇਤਾ ਵੀ ਕਿਸੇ ਜੇਬ ਵਿਚ ਨਹੀਂ ਅਟਕਦਾ।

ਮੈਨੂੰ ਇਸ ਗੱਲ ਦਾ ਵੀ ਪਤਾ ਹੈ ਕਿ ਪਿੰਡ ਦੇ ਦੁਕਾਨਦਾਰ-ਉਧਾਰ ਦੇ ਨਾਂ ਤੇ ਸਰਮਾਏਦਾਰ ਸਰਕਾਰ ਵਾਂਗ ਸਿੱਧੇ ਤੌਰ ਤੇ ਲੁਟਦੇ ਹਨ, ਪਰ ਕੀ ਕੀਤਾ ਜਾਵੇ, ਮਜ਼ਬੂਰਨ ਉਹਨਾਂ ਦੀ ਲੁਟ ਵੀ ਕਬੂਲਣੀ ਪੈਂਦੀ ਏ। ਦੇਸ਼ ਵਿਚ ਮੱਚੀ ਲੁੱਟ-ਖਸੁੱਟ ਦਾ ਚੇਤਾ ਆਉਂਦਿਆਂ ਹੀ ਪਿਛਲੇ ਟਾਇਰ ਨੂੰ ਰੋੜੇ ਦੀ ਠੁਕਰ ਵਜੀ ਤੇ ਸ਼ੂੰ ਕਰਕੇ ਸਾਰੀ ਹਵਾ ਬਾਹਰ......।

ਟਾਇਰ ਦੀ ਹਾਲਤ ਵੇਖਕੇ ਮੈਨੂੰ ਅਜ ਦੀ ਅਖਬਾਰ ਦੀ ਸੁਰਖ਼ੀ ਯਾਦ


**SHAKTI GIFT**

**6576 MAIN STREET, VANCOUVER, B.C.**

**Where you can get all types of Real and Artificial Jewellery and all types of oriental designs can be made!**

**SALE AND REPAIRS OF WATCHES**

SPECIALIST IN

EAST INDIAN JEWELLERY
GIFTWARE & REPAIRS

Bus. 321-6214
Res. 327-8259

ਆ ਗਈ......" ਉਨੀ ਸੌ ਚੌਵਤਰ ਤਕ ਪੰਜਾਬ ਦੇ ਸਾਰੇ ਪਿੰਡਾਂ ਨੂੰ ਲਿੰਕ ਸੜਕਾਂ ਨਾਲ ਮਿਲਾਇਆ ਜਾਵੇਗਾ।" ਖੇਹ ਤੇ ਮਿੱਟੀ, ਇਸ ਤਰ੍ਹਾਂ ਦੀਆਂ ਸੜਕਾਂ ਖੁਣੋ ਭਲਾ ਕੀ ਥੁੜਿਆ ਸੀ ? ਪਹਿਲਾਂ ਛੇ ਮਹੀਨੇ ਅੱਧ ਪਚੱਦੀ ਮਿੱਟੀ ਸੁਟਾ ਰਾਹਵਾਂ ਦਾ ਸਤਿਆ ਨਾਸ ਪੁਟਾਣਾ, ਪਿੰਡਾਂ ਵਿਚ ਫਸਾਦ ਵਾਦੇ ਦੇ ਕਿ ਫਲਾਣੀ ਨਹੀਂ ਢੀਂਗੜੀ ਸੜਕ ਪੱਕੀ ਹੋਣੀ ਚਾਹੀਦੀ ਏ, ਫੇਰ ਛੇ ਛੇ ਮਹੀਨੇ ਨਿਰੇ ਰੋੜੇ ਜਹੇ ਸੜਕਾਂ ਤੇ ਪਏ ਰਹਿਣਗੇ, ਮੇਰੇ ਵਰਗੇ ਗਰੀਬੜਿਆਂ ਦਾ ਸਾਇਕਲ ਪੈਂਚਰ ਕਰਨ ਦੀ ਥਾਂ...... ।)

ਮੇਰੇ ਵਰਗਾ ਭਲਾ-ਮਾਣਸ ਸੋਚਣੋਂ ਨਹੀਂ ਟਲਦਾ ਕਿ ਇਹਨਾਂ ਪੱਕੀਆਂ ਸੜਕਾਂ ਦਾ ਫਾਇਦਾ ਭਲਾ ਪਿੰਡ ਵਾਲੇ ਖੇਤ-ਮਜ਼ਦੂਰ ਜਾਂ ਘਟ-ਜ਼ਮੀਨ ਵਾਲੇ ਜ਼ਿਮੀਦਾਰਾਂ ਨੂੰ ਕੀ ਐ, ਦੋ ਤਿੰਨ ਸਾਲ ਤੋਂ ਫਸਲ ਤਾਂ ਕੋਈ ਚਜਦੀ ਘਰ ਨਹੀਂ ਆਈ, ਜੇ ਚਾਰ ਦਾਣੇ ਆ ਵੀ ਗਏ ਤਾਂ ਦਾਣਿਆਂ ਦੇ ਨਾਲ ਹੀ ਬੈਂਕ ਵਾਲਿਆਂ ਦੇ ਸੱਮਣ ਸਨ, ਫੇਰ ਪਕੀਆਂ ਸੜਕਾਂ ਨੂੰ ਅਸਾਂ ਗਰੀਬਾਂ ਨੇ ਮਥੇ ਮਾਰਨੇ ਨੇ......, ਅਸਲੀ ਫਾਇਦਾ ਤਾਂ ਇਹਨਾਂ ਸਰਕਾਰੀ ਤੇ ਗੈਰ ਸਰਕਾਰੀ ਨੇਤਾਵਾਂ ਨੂੰ ਹੈ ਜੋ ਪੰਜ ਸਾਲ ਏਅਰ ਕੰਡੀਸ਼ਨਡ ਕੋਠੀਆਂ ਵਿਚ ਰਹਿਣ ਬਾਅਦ ਕੱਚੀਆਂ ਸੜਕਾਂ ਦਾ ਘੱਟਾ ਨਹੀਂ ਫੱਕ ਸਕਦੇ।

ਪੈਂਚਰ ਸਾਇਕਲ ਨੂੰ ਖਿਚਦਾ ਖਿਚਾਂਦਾ ਮੈਂ ਪਿੰਡ ਪਹੁੰਚਿਆ ਤਾਂ ਇੰਜ ਲਗਾ ਜਿਵੇਂ ਪਿੰਡ ਵਿਚ ਕੋਈ ਪਰਲੋ ਆਈ ਹੋਵੇ। ਵਾਜੇ ਦੇ ਨਾਲ ਨਾਲ ਸ਼ਰਾਬੀਆਂ ਕਬਾਬੀਆਂ ਨੇ ਏਨਾ ਰੌਲਾ ਪਾਇਆ ਹੋਇਆ ਸੀ ਕਿ ਦਿਲ ਕੀਤਾ, ਗਵਾਂਢੋਂ ਘਰ ਚੁਕ ਕੇ ਲੈ ਜਾਵਾਂ। ਸ਼੍ਰੀ ਮਤੀ ਕਿਧਰੇ ਬਾਹਰ ਗਈ ਹੋਈ ਸੀ, ਮੈਂ (ਜੇ ਕੋਈ ਵੀ ਹੈਗਾ ਤਾਂ) ਰੱਬ ਦਾ ਸ਼ੁਕਰ ਕੀਤਾ। ਸ਼੍ਰੀ ਮਤੀ ਨੇ ਆਉਂਦੇ ਦਾ ਹੀ ਝੋਲਾ ਫਰੋਲਣ ਲਗ ਪੈਣਾ ਸੀ,--ਤੇ ਫਿਰ ਇਹ ਵੀ ਨਹੀਂ ਸੀ ਵੇਖਣਾ ਕਿ ਗਵਾਂਢ ਛਵਾਰਾ ਪੈ ਰਿਹਾ ਏ।

ਛਵਾਰੇ ਦਾ ਪਤਾ-ਸੁਰ ਲੈਣ ਲਈ ਮੈਂ ਗੁਰਦਵਾਰੇ ਵਲ ਨਿਕਲ ਗਿਆ, ਮੈਨੂੰ ਪਤਾ ਸੀ ਕਿ ਮੇਰੇ ਪਿੰਡ ਅਜ ਇਸ ਛਵਾਰੇ ਨੂੰ ਛੱਡ ਹੋਰ ਕੋਈ ਗੱਲ ਨਹੀਂ ਹੋਣੀ, ਮੇਰੇ ਪਿੰਡ ਦੇ ਲੋਕ ਬਸ ਇਸ ਗੱਲ ਦੀ ਤਾੜ ਵਿਚ ਰਹਿੰਦੇ ਹਨ, ਕਿ ਪਿੰਡ ਵਿਚ ਕੋਈ ਮਾੜੀ ਚੰਗੀ ਗੱਲ ਹੋਵੇ ਤੇ ਅਸੀਂ ਉਸ ਬਾਰੇ ਵਧਾ-ਚੜ੍ਹਾ ਕੇ ਗੱਲਾਂ ਕਰੀਏ, ਕਿਸੇ ਨੂੰ ਵੀ ਵਿਚ ਪੈ ਕੇ ਕਿਸੇ ਗੱਲ ਨੂੰ ਘਟਾਉਣਾ ਨਹੀਂ ਆਉਂਦਾ ਸਗੋਂ ਹਰ ਇਕ ਜਣਾ ਹਰ ਗੱਲ ਨੂੰ ਵਧਾ ਕੇ ਤਮਾਸ਼ਾ ਵੇਖਣ ਦਾ ਚੇਟਕ ਰੱਖਦਾ ਏ।

ਗੁਰਦਵਾਰੇ ਵੱਲੋਂ ਆਉਂਦਾ ਮੈਨੂੰ ਕੇਸਰ ਸਿੰਘ ਦਾ ਮੁੰਡਾ ਦਲਬੀਰਾ ਮਿਲ ਪਿਆ। ਮੇਰੇ ਖਿਆਲ ਅਨੁਸਾਰ ਸਾਡੇ ਪਿੰਡ ਵਿਚ ਕਿਸੇ ਨੂੰ ਅਕਲ ਹੈ ਤਾਂ ਉਹ ਕੇਸਰ ਸਿੰਘ ਦੇ ਇਸ ਮੁੰਡੇ ਨੂੰ ਬਾਕੀ ਦਾ ਸਾਰਾ ਪਿੰਡ ਤਾਂ ਵਟਾਲੇ ਦੀ ਮੰਡੀ ਵਿਕਣ ਜੋਗਾ ਵੀ ਨਹੀਂ...... । ਪਿੰਡ ਦੇ ਕੋਨੇ ਕੋਨੇ ਤੋਂ ਲੈ ਕੇ ਦੁਨੀਆਂ ਦੇ ਕੋਨੇ ਕੋਨੇ ਤਕ ਦੀਆਂ ਖ਼ਬਰਾਂ ਪਤਾ ਨਹੀਂ ਕਿਦੋਂ ਪੜ੍ਹਦਾ ਸੁਣਦਾ ਰਹਿੰਦਾ ਏ। ਮੈਂ ਸੋਚਿਆ ਕਿ ਇਹ ਜ਼ਰੂਰ ਦੱਸੂ ਕਿ ਇਸ ਵਾਰ ਛਵਾਰਾ ਲਿਆਉਣ ਲਈ ਕਿਹੜਾ ਸੂਰਮਾ ਨਿੱਤਰਿਆ।

"ਸੁਣਾ ਫੇਰ ਪਾੜਿਆ, ਖੜਕਾਤਾ ਵਾਜਾ ਕਰਮ ਸਿਹੁੰ ਦੇ ਅਜ ਫੇਰ, ਮੁਖ ਛਵਾਰਾ ਕੌਣ ਲਿਆਇਆ ਏ ਇਸ ਵਾਰ...।"

"ਇਸ ਵਾਰ ਤਾਂ ਮਿਸਤਰੀ ਤੁਹਾਡੀ ਬਰਾਦਰੀ ਦੀ ਬੀਰ ਕੌਰ ਲਿਆਈ ਐ, ਇੰਦਰ ਸਿੰਘ ਦੇ ਘਰੋਂ ਆ ਨਾ ਉਹ...।"

"ਪਾੜਿਆ ਤੇਰੇ ਖਿਆਲ 'ਚ ਇਹ ਕਿੰਨਵਾਂ ਛਵਾਰਾ ਹੋਊ...।" ਮੈਂ ਠੱਠਾ ਜਿਹਾ ਕੀਤਾ।

ਪਰ ਦਲਬੀਰਾ ਗੰਭੀਰ ਜਿਹਾ ਹੋ ਕੇ ਗਿਣਨ ਲਗ ਪਿਆ, ਇੰਜ ਲਗ ਰਿਹਾ ਸੀ ਜਿਵੇਂ ਉਹ ਆਪਣੀ ਸਾਰੀ ਅਕਲ ਲਾਕੇ ਦੁਨੀਆਂ ਦੀ ਕਿਸੇ ਵੱਡੀ ਸਮੱਸਿਆ ਦਾ ਹੱਲ ਦੱਸਣ ਲੱਗਾ ਹੋਵੇ।




**A Service For "You and Your family"**

Metropolitan Life's new service called "You and Your Family" shows how you can combine your life insurance, government social insurance benefits and other assets to provide the funds your family will need to meet their day-to-day living expenses when you are not around. Call me today and find out all about it.

**CHITRANJAN S. MANGAT**

950 Brentwood Mall
4567 Lougheed Hwy., Burnaby, B.C.
Telephone 291-6856 office;
594-2254 residence.

**Metropolitan Life**

Where the future is now

"ਵੇਖ ਮਿਸਤਰੀ ਸੁਣਿਆ ਤੇ ਇਹ ਐ ਕਿ ਜਦੋਂ ਦੇ ਅੰਗਰੇਜ਼ ਗਏ ਨੇ ਉਦੋਂ ਤੋਂ ਹੀ ਬੜੇ ਛਵਾਰੇ ਆਏ ਤੇ ਪਏ ਨੇ, ਇਹਨਾਂ ਗਰੀਬਾਂ ਦੇ, ਇਹਨਾਂ ਵਿਚੋਲਿਆਂ ਤਾਂ ਲੁਟ ਕੇ ਖਾ ਲਿਆ ਇਹਨਾਂ ਨੂੰ। ਜਦੋਂ ਕੁ ਨੂੰ ਵਿਚਾਰਿਆਂ ਨੂੰ ਸੌਖਾ ਸਾਹ ਆਉਣ ਲੱਗਦਾ ਏ ਕੋਈ ਨਾ ਕੋਈ ਸ਼ਗਨ ਵਾਲਾ ਆਣ ਬਰੂਹਾਂ ਮਲਦਾ ਏ, ਚਲ ਖਾਂ ਮਿਸਤਰੀ ਭਲਾ ਗਿਣੀਏ ?" ਤੇ ਫੇਰ ਖ਼ੁਦ ਹੀ ਉਂਗਲਾਂ ਤੇ ਗਿਣਨ ਲਗ ਪੈਂਦਾ ਏ।" ਜਦੋਂ ਕੁ ਦਾ ਮੈਨੂੰ ਚੇਤਾ ਉਦੋਂ ਲਿਆਈ ਸੀ, ਪ੍ਰਤਾਪ ਕੌਰ, ਜਵਾਹਰ ਸਿੰਘ ਦੇ ਘਰੋਂ। ਫੇਰ ਲਿਆਂਦਾ ਗੁਰਮੁਖ ਕੌਰ ਨੇ ਬਹਾਦਰ ਸਿੰਘ ਦੇ ਘਰੋਂ, ਫੇਰ ਅਕਾਲੀਆਂ ਦੀਆਂ ਤਿੰਨੇ ਨੂੰਹਾਂ ਵਾਰੀ ਵਾਰੀ ਲਿਆਈਆਂ ਤੇ ਇਸ ਵਾਰ ਬੀਰ ਕੌਰ ਲਿਆਈ ਊ, ਪਰ ਮਿਸਤਰੀ ਸਿਰੇ ਚੜ੍ਹਨ ਵਾਲਾ ਏਹ ਵੀ ਨਹੀਂ ਦਿਸਦਾ।"

"ਵੇਖ ਪਾੜ੍ਹਿਆ ਜਦੋਂ ਉਹਨਾਂ ਨੂੰ ਪਤੈ ਕਿ ਸਾਡੇ ਨਾਲ ਫਰੇਬ ਹੁੰਦੈ ਤਾਂ ਫਿਰ ਉਹ ਇਹਨਾਂ ਝੂਠੇ ਛਵਾਰਿਆਂ ਦਾ ਇਤਬਾਰ ਕਿਉਂ ਕਰਦੇ ਨੇ।" ਮੈਂ ਆਪਣੇ ਵਲੋਂ ਬੜੀ ਸਿਆਣੀ ਗੱਲ ਕੀਤੀ।

"ਵਾਹ ਮਿਸਤਰੀ, ਕਿਦਾਂ ਦੀ ਗੱਲ ਕੀਤੀ ਊ, ਜਿਸ ਘਰ ਵਿਚ ਕੰਵਾਰੇ ਮੁੰਡਾ ਉਮਰ ਟਪ ਜਾਵੇ ਨਾ, ਉਹਨਾਂ ਨੂੰ ਪੁਛ ਕੇ ਵੇਖ, ਉਹਨਾਂ ਕੋਲ ਝੂਠੇ ਸੱਚੇ ਛਵਾਰੇ ਪਰਖਣ ਦਾ ਵਕਤ ਨਹੀਂ ਹੁੰਦਾ, ਬਸ ਉਹਨਾਂ ਤੇ ਇਕ ਹੀ ਸੋਚ ਸਵਾਰ ਹੁੰਦੀ ਏ ਕਿ ਹੋਵੇ ਨਾ ਹੋਵੇ ਸਾਡੇ ਮੁੰਡੇ ਦਾ ਤੋਪਾ ਭਰਿਆ ਜਾਵੇ, ਨਾਲੇ ਮਿਸਤਰੀ ਝੂਠੇ ਛਵਾਰੇ ਪਾਉਣ ਵਾਲਿਆਂ ਦਾ ਆਪਣਾ ਹੀ ਅੰਦਾਜ਼ ਹੁੰਦਾ ਏ ਤੇ ਉਹ ਜਾਣਦੇ ਹਨ ਕਿ ਆਪਣੀ ਰੋਟੀ ਕਿਵੇਂ ਚਲਾਈ ਰਖਣੀ ਏ......।" ਦਲਬੀਰੇ ਨੇ ਗਲ ਮੁਕਾਈ ਤਾਂ ਮੈਂ ਇਕ ਹੋਰ ਸਿਆਣੀ ਗੱਲ ਸੋਚ ਲਈ ਸੀ।


"ਨਾਲੇ ਪਾੜ੍ਹਿਆ ਸਾਡੇ 'ਚ ਵੇਖ ਤੇਰੇ ਵਰਗੇ ਸਿਆਣੇ ਬੰਦੇ ਵੀ ਨੇ ਪਰ ਫੇਰ ਵੀ ਪਿਛਲੇ ਛਬੀ ਸਾਲਾਂ ਤੋਂ ਸਰਕਾਰ ਝੂਠੇ ਛਵਾਰਿਆਂ ਦਾ ਇਤਬਾਰ ਕਰੀ ਜਾ ਰਹੇ ਹਾਂ, ਵਿਚਾਰਾ ਕਰਮ ਸਿੰਘ ਕਿਸ ਬਾਗ ਦੀ ਮੂਲੀ ਐ।" ਤੇ ਨਾਲ ਹੀ ਮੈਂ ਅਖਬਾਰ ਵਿਚ ਆਈ ਸਰਕਾਰੀ ਛਵਾਰਿਆਂ ਦੀ ਲਿਸਟ ਦਲਬੀਰੇ ਨੂੰ ਫੜਾ ਦਿਤੀ।

'ਦੋ ਹਜ਼ਾਰ ਟਿਊਬਵੈਲ ਲਗਾਏ, 25000 ਟਿਊਬ ਵੈਲਾਂ ਨੂੰ ਬਿਜਲੀ ਦੇ ਕੁਨੈਕਸ਼ਨ ਦਿਤੇ। ਐਨੇ ਸਕੂਲ ਖੋਹਲੇ, ਐਨੀਆਂ ਸੜਕਾਂ ਪਕੀਆਂ ਕੀਤੀਆਂ ਤੇ ਐਨੀ ਭੂਮੀ ਨੂੰ ਵਾਹੁਣ ਜੋਗੀ ਬਣਾਇਆ। ਘੱਲ ਕੀ ਸਾਰਾ ਸਫ਼ਾ ਸਰਕਾਰ ਦੇ ਤਰੱਕੀ ਅੰਕੜਿਆਂ ਨਾਲ ਭਰਿਆ ਪਿਆ ਸੀ।

ਦਲਬੀਰਾ ਸਾਰਾ ਕਾਗ਼ਜ਼ ਪੜ੍ਹ ਕੇ ਹੌਲੀ ਜਹੀ ਮੁਸਕਰਾਉਂਦਾ ਹੋਇਆ ਬੋਲਿਆ। "ਵੇਖ ਮਿਸਤਰੀ ਜਿਵੇਂ ਇਹਨਾਂ ਝੂਠੇ ਛਵ੍ਹਾਰੇ ਪਾਉਣ ਵਾਲਿਆਂ ਕੋਲ ਕਈ ਤਰ੍ਹਾਂ ਦੇ ਵਲ ਫ਼ਰੇਬ ਤੇ ਦਿਲ ਭਰਮਾਊ ਗੱਲਾਂ ਹੁੰਦੀਆਂ ਹਨ ਕਿ ਕਿਵੇਂ ਅਗਲੇ ਨੂੰ ਝੂਠੇ ਲਾਰੇ ਲਾ ਕੇ ਠਗਣਾ ਏ, ਤੇ ਕਿੰਨੇ ਡੰਗ ਕਿਸ ਵਲ ਕਢਣੇ ਹਨ, ਉਵੇਂ ਹੀ ਸਰਕਾਰ ਕੋਲ ਲੋਕਾਂ ਨੂੰ ਵਸ ਵਿੱਚ ਰੱਖਣ ਲਈ ਇਕ ਫਾਰਮੂਲਾ ਹੁੰਦਾ ਏ "ਨਾਹਰੇ+ਇਸ਼ਤਿਹਾਰ=ਲੋਕ ਰਾਜ"।

ਦਲਬੀਰਾ ਤਾਂ ਚਲਾ ਗਿਆ ਪਰ ਮੈਂ ਕਾਫੀ ਦੇਰ ਕਰਮ ਸਿੰਘ ਦੇ ਕਰਮਾ ਤੇ ਸਰਕਾਰੀ ਛਵਾਰਿਆਂ ਬਾਰੇ ਸੋਚਦਾ ਰਿਹਾ ਤੇ ਫੇਰ ਮੈਂ ਕਰਮ ਸਿੰਘ ਦੇ ਘਰ ਨੂੰ ਸਿਰ ਤੋੜ ਦੌੜ ਪਿਆ ਕਿ ਉਸ ਨੂੰ ਆਖਾਂ ਕਿ ਬੀਰ ਕੌਰ ਦੀਆਂ ਸਰਕਾਰੀ ਇਸ਼ਤਿਹਾਰਾਂ ਵਰਗੀਆਂ ਗੱਲਾਂ ਵਿਚ ਨਾ ਆਵੇ। ਪਰ ਜਦੋਂ ਮੈਂ ਕਰਮ ਸਿੰਘ ਦੇ ਘਰ ਪਹੁੰਚਿਆ ਤਾਂ ਸ਼ਗਨ ਲਗ ਚੁਕਾ ਸੀ।

o o o

ਸੋਨੇ ਦੇ ਲੇਟੈਸਟ ਡੀਜ਼ਾਈਨਾਂ ਵਿੱਚ ਗਹਿਣੇ ਬਣਵਾਉਣ ਲਈ

ਸੋਨੀ ਐਂਡ ਸਨਜ਼

**SONI & SONS**

**JEWELLERS**

**Specialist in East Indian Jewelry**

**6524 MAIN ST. (AT 49th. Ave.)**

**VANCOUVER, B.C.**

**PHONE 324-1012**

**RES. 327-0783**

PANJABI KAVI SABHA
(PANJABI POETS ASSOCIATION)
P. O. Box 10369 NAIROBI.

ਪਕਸ

P.O. BOX 10369
NAIROBI

To,
ALL THE PUNJABI
POETS OF WATNO - DUR

NEW YEAR'S GREETING

We are delighted to inform you that there is a massive response from most of the Panjabi Poets living on the sub-continent and abroad towards our proposed Anthology: World Panjabi Poetry (Vishav Panjabi Kavita). This veritable venture is part of the 10th Anniversary of Panjabi Kavi Sabha Nairobi (E.A.) being celebrated later this year.

This Anthology which is aiming to put Panjabi Literature on the world map is being published in two scripts (Persian and Gurmukhi) from Lahore and Delhi simultaneously. Plans are underway to get this representative selection of contemporary Panjabi Poetry released in English translation with the assistance from P.E.N. and E.A.P.H.

✓ You are kindly requested to send two of your representative poems, brief biographical sketch, photograph and of course, permission for publication at your earliest convenience as we are already behind our schedule.

☒ We gratefully acknowledge the receipt of your poems and feel very elated for the co-operation you have extended to us in making this creative venture a success.

We will keep you abreast about the culmination of this creative endeavour.

Fraternally yours,

Ajaib Kamal / [signature]
AJAIB KAMAL/MEHRAM YAAR
(co-editor)

---

- cut here -

I all my following poems entitled:

(i)

(ii)

to be included in Vishav Panjabi Kavita (in original and in translation) proposed to be published by Panjabi Kavi Sabha, Nairobi.

Dated:________________________ Signature:__________________

ਮੈਂ ਵਤਨੋਂ ਦੂਰ ਤਕਰੀਬਨ ਇਕ ਸਾਲ ਤੋਂ ਮੰਗਵਾ ਰਿਹਾ ਹਾਂ। ਇਹ ਪਰਚਾ ਮੇਰੇ ਸਵਾਦਾਂ ਦੀ ਚੰਗੀ ਤਰ੍ਹਾਂ ਪੂਰਤੀ ਕਰਦਾ ਹੈ। ਕੈਨੇਡਾ ਦੇ ਲਿਖਾਰੀਆਂ ਦੀਆਂ ਰਚਨਾਂ ਪੜ੍ਹ ਕੇ ਬੜੀ ਖੁਸ਼ੀ ਹੁੰਦੀ ਹੈ। ਇਸ ਕਰਕੇ ਕਿ ਇਨ੍ਹਾਂ ਦੇ ਦਿਲ ਵਿਚ ਉਸ ਦੇਸ਼ ਲਈ ਪਿਆਰ, ਦਰਦ ਤੇ ਕੁਰ-ਬਾਨੀ ਦੀ ਭਾਵਨਾ ਹੈ। ਭਾਵੇਂ ਇਸ ਵੇਲੇ ਅਸੀਂ ਉਸ ਭਾਰਤ ਬਹੁਤਾ ਕੁੱਝ ਨਹੀਂ ਕਰ ਸਕਦੇ ਪਰ ਫਿਰ ਵੀ, ਜੋ ਇਕ ਦੁੱਕ ਹੋ ਸਕੇ ਸਮਝ ਤੋਂ ਲਈ ਕਰਨ ਦੀ ਤਮੰਨਾ ਹੋਈ ਜਾਂਦੀ ਹੈ।

ਦਾਰਾ ਸਿੰਘ ਸੰਘਾ
ਕੈਰੇਮਸ, ਬੀ. ਸੀ.

ਅੱਜ ਹੀ ਮਾਰਚ ਦਾ 'ਵਤਨੋਂ ਦੂਰ' ਪਰਚਾ ਮਿਲਿਆ। ਮੁੱਖ ਚਿੱਤਰ ਬਹੁਤ ਹੀ ਪਿਆਰਾ ਲੱਗਾ। ਅਰੁਣ ਕਮਲ ਅਤੇ ਸਰਵਣ ਬੋਲ ਦੀਆਂ ਕਵਿਤਾਵਾਂ ਤੋਂ ਬਿਨਾਂ ਸਾਧੂ ਦੀ ਕਹਾਣੀ ਅਸ਼ੀਰਵਾਦ ਵੀ ਸ਼ਲਾਘਾ ਯੋਗ ਸੀ। ਹਿੰਮਤ ਸਿੰਘ ਸੋਢੀ ਦੇ ਲੇਖ ਨੇ ਨੇਤਾ ਵਾਦੀਆਂ ਦਾ ਚੰਗਾ ਪਾਜ ਉਘਾੜਿਆ ਹੈ।

ਬਲਦੇਵ ਚੀਮਾਂ
ਵੈਨਕੂਵਰ

ਮੈਂ ਤੁਹਾਡੇ "ਵਤਨੋਂ ਦੂਰ" ਦੇ ਯਤਨ ਨੂੰ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇੰਗਲੈਂਡ ’ਚ ਇਸਦੇ ਪਾਠਕਾਂ ਦਾ ਘੇਰਾ ਹੋਰ ਚੌੜਾ ਹੋਵੇਗਾ। ਮੇਰੀ ਸਿਰਫ ਇਹ ਹੀ ਖਾਹਿਸ਼ ਹੈ ਕਿ ਇਸ ਵਿਚਲਾ ਸਾਰਾ ਮੈਟਰ ਟਾਈਪ ਹੀ ਹੋਵੇ ਨਹੀਂ ਕਿ ਪਰਿੰਟਿਡ ਹੋਵੇ। ਜਦ ਵਿਚ ਵਿਚ ਹੱਥ ਲਿਖਤ ਆ ਜਾਂਦੀ ਹੈ ਤਾਂ ਕੁੱਝ ਚੰਗਾ ਜਿਹਾ ਨਹੀਂ ਲਗਦਾ। ਇਸ ਤੋਂ ਇਲਾਵਾ ਸਾਡੇ "ਵਤਨੋਂ ਦੂਰ" ਵਾਲਿਆਂ ਵਾਸਤੇ "ਵਤਨੋਂ ਦੂਰ" ਹਰ ਮਹੀਨੇ ਨਵਾਂ ਉਤਸ਼ਾਹ ਲੈ ਕੇ ਆਉਂਦਾ ਹੈ ਅਤੇ ਮੈਂ ਆਸ ਕਰਦਾ ਹਾਂ ਕਿ ਆਉਂਦਾ ਰਹੇਗਾ।

ਮਹਿੰਦਰ ਗਿੱਲ
ਵੁਲਵਰਹੈਂਪਟਨ

ਅੱਜ ਹੀ ਮਾਰਚ ਦਾ "ਵਤਨੋਂ ਦੂਰ" ਪਰਚਾ ਮਿਲਿਆ ਜੋ ਕਿ ਹਰ ਮਹੀਨੇ ਇਸੇ ਸਾਡੇ ਪਿੰਡ ਦੀ ਲਾਇਬ੍ਰੇਰੀ ਵਿਚ ਆਉਂਦਾ ਹੈ। ਤਕਰੀਬਨ ਹਰ ਇਕ ਹੀ ਮੈਨੂੰ ਪੜ੍ਹਨ ਨੂੰ ਨਸੀਬ ਹੁੰਦਾ ਹੈ। ਸਾਨੂੰ ਇਸ ਗੱਲ ਦਾ ਬੜਾ ਮਾਣ ਹੈ, ਕਿ ਸਾਡੇ ਪੰਜਾਬੀ ਵੀਰਾਂ ਨੇ ਕੈਨੇਡਾ ਵਿਚ ਵੀ ਆਪਣੀ ਪੰਜਾਬੀ ਪਰੰਪਰਾ ਨੂੰ ਉੱਚਾ ਚੁੱਕਣ ਦੀ ਦ੍ਰਿੜ੍ਹ ਠਾਣੀ ਹੋਈ ਹੈ।

ਪਾਲੀ ਸਮਰਾਏ
ਸਮਰਾਏ/ਜਲੰਧਰ

ਮੈਂ "ਵਤਨੋਂ ਦੂਰ" ਮੈਗਜ਼ੀਨ ਦਾ ਅਧਿਅਨ ਸਤੰਬਰ 1977 ਤੋਂ ਲਗਾਤਾਰ ਕਰਦੀ ਆ ਰਹੀ ਹਾਂ। ਇਸ ਵਿਚ ਦਿੱਤੇ ਲੇਖ ਅਤੇ ਕਹਾਣੀਆਂ ਤਾਂ ਤਕਰੀਬਨ ਸਾਰੇ ਹੀ ਅੱਛਾ ਮਹੱਤਵ ਰੱਖਦੇ ਹਨ, ਪਰੰਤੂ ਇਕ ਸਥਾਈ ਕਾਲਮ "ਆਪਣੇ ਲੋਕ" ਜੋ ਅਜਮੇਰ ਰੋਡੇ ਦੀ ਰਚਨਾ ਹੈ ਅਤੇ ਮਾਰਚ 1978 ਵਿਚ ਦਿੱਤੀ ਗਈ ਕਹਾਣੀ 'ਚਾਚੀ' ਜੋ ਵੇਦ ਜਟਾਣਾ ਦੀ ਰਚਨਾ ਹੈ, ਮੈਨੂੰ ਬਹੁਤ ਪਸੰਦ ਆਏ ਹਨ। ਮੈਂ ਇਨ੍ਹਾਂ ਦੀ ਸ਼ਲਾਘਾ ਕੀਤੇ ਬਿਨਾਂ ਨਹੀਂ ਰਹਿ ਸਕਦੀ ਅਤੇ ਆਸ਼ਾ ਕਰਦੀ ਹਾਂ ਆਪ ਇਸ ਤੋਂ ਉਚੇ ਲੇਖ ਮੈਗਜ਼ੀਨ ਵਿਚ ਦੇ ਕੇ ਮੈਨੂੰ ਹੋਰ ਵੀ ਧੰਨਵਾਦੀ ਬਣਾਉਗੇ

ਕੁਲਵੰਤ ਕੌਰ ਕਲੇਰ
ਜਲੰਧਰ

ਮਿੰਨੀ ਸਚਾਈ ਕਾਲਮ

ਉਹ ਅਕਸਰ ਮੇਰੇ ਕੋਲ ਆਪਣੇ ਦੇਸ਼ਾਂ ਦੀਆਂ ਗੱਲਾਂ ਕਰਦਾ ਰਹਿੰਦਾ। ਨਿੱਕੇ-ਮੋਟੇ ਮਿਲੇ ਤੇ ਕਿਸੇ ਦੀਆਂ ਮਾਮੂਲੀ ਕਮਜ਼ੋਰੀਆਂ ਦਾ ਚਰਚਾ ਉਹ ਆਮ ਹੀ ਚਲਾਈ ਰੱਖਦਾ। ਨਾ ਤਾਂ ਉਸ ਨੂੰ ਅਮਰੀਕਾ ਦੇ ਚੰਦ ਤੇ ਪਹੁੰਚਣ ਦੀ ਕੋਈ ਖੁਸ਼ੀ ਜਾਂ ਹੈਰਾਨੀ ਹੁੰਦੀ, ਤੇ ਨਾ ਹੀ ਭਾਰਤ ਨੂੰ ਹਾਕੀ ਦੇ ਕਿਸੇ ਮੁਕਾਬਲੇ ਚ, ਹਾਰੇ ਦੀ ਉਸ ਨੂੰ ਗ਼ਮੀ ਹੁੰਦੀ। ਅਖ਼ਬਾਰ ਉਹ ਰੋਜ਼ਾਨਾ ਪੜ੍ਹਦਾ ਪਰ ਪਹਿਲੇ ਸਫ਼ੇ ਤੇ ਛਪੇ ਕਨਾਰੀ ਆਈ-ਲੈਂਡ ਚ, ਹੋਏ, ਜੰਬੋ ਜੈਟਾਂ ਦੀ ਟੱਕਰ ਦਾ ਚਿੱਤਰ ਵੇਖਕੇ ਨਿਰਾਸ਼ਿਆ ਜਿਹਾ ਕਹਿੰਦਾ, "ਅਖ਼ਬਾਰਾਂ ਵਾਲੇ ਵੀ ਐਵੇਂ ਈ ਕਦੇ ਕਾਰ ਤੇ ਟਰੱਕ ਦੇ ਭੇੜ ਦੀ ਫੋਟੋ ਕਦੇ ਜਹਾਜ਼ਾਂ ਦੀ ਟੱਕਰ ਦੀ ਫੋਟੋ ਤੇ ਕਦੇ ਜਹਾਜ਼ ਹਾਈਜੈਕ ਹੋਏ ਦੀ ਫੋਟੋ ਦੇ ਦਿੰਦੇ ਆ, ਕੋਈ ਨਵੀਂ ਚੀਜ਼ ਨੀ ਪੇਸ਼ ਕਰਦੇ"। ਜਦੋਂ ਅਲਵਿਸ ਪ੍ਰੈਸਲੀ ਮਰਿਆ ਤਾਂ ਉਹਨੂੰ ਚਰਚਾ ਦਾ ਚੰਗਾ ਮੌਕਾ ਮਿਲ ਗਿਆ, "ਲੈ ਪੁਆਣ ਇਕ ਹੋਰ ਗੱਲ ਅੱਜ ਸੁਣ ਲੈ ਨਵੀਂ," ਉਹਨੇ ਆਪਣੇ ਠੇਠਪਨ ਅੰਦਾਜ਼ ਚ, ਆਖਿਆ। ਮੈਂ ਸੋਚਿਆ ਕਿ ਸ਼ਾਇਦ ਅੱਜ ਇਹ ਕੋਈ ਖਾਸ ਹੀ ਖਬਰ ਸੁਣਾ ਰਿਹਾ, ਜਿਹੜੀ ਕਿ ਟੀ.ਵੀ., ਰੇਡੀਓ ਜਾਂ ਅਖ਼ਬਾਰ ਵਾਲਿਆਂ ਨੂੰ ਅਜੇ ਤੱਕ ਨਹੀਂ ਪਤਾ ਲੱਗਿਆ, ਆਪਣੇ ਲੋਕਾਂ ਦੀ ਰੀਸ ਦੀ ਗੱਲ ਦੱਸਦਾਂ ਤੈਨੂੰ, ਜਦੋਂ ਅਲਵਿਸ ਪ੍ਰੈਸਲੀ ਜਿਉਂਦਾ ਸੀ ਨਾ, ਉਹ ਕੇਰਾਂ ਵੈਨਕੂਵਰ ਆਇਆ, ਲੈ ਉਥੇ ਹਜ਼ਾਰਾਂ ਲੋਕ ਵੇਖਣ ਗਏ ਹੋਏ ਆ ਉਹਨੂੰ। ਆਪਣੇ ਮੇਰੇ ਖਿਆਲ ਚ' ਪੰਜ ਦਸ ਈ ਗਏ ਹੋਣਗੇ। ਤੇ ਹੁਣ ਜਦੋਂ ਮਰ ਗਿਆ ਤਾਂ ਕਈਆਂ ਨੇ ਉਹਦੇ ਪੋਸਟਰ ਲਿਆ ਕੇ ਕੰਧਾਂ ਤੇ ਟੰਗ ਲਏ ਤੇ ਉਹਦੇ ਰਿਕਾਰਡ ਬਜ਼ਾਰ ਚ, ਖਰੀਦ ਕੇ ਲਿਆਂਦੇ, ਲੋਕਾਂ ਨੂੰ ਧਾਰ ਟੰਗੀ ਸ਼ਾਨ ਚ' ਪਤਾ ਨੀ ਕੀ ਮਿਲਦੈ।

ਅੱਜ ਮੈਂ ਅਚਨਚੇਤ ਹੀ ਉਹਦੇ ਕੋਲ ਚਲਾ ਗਿਆ। ਉਸ ਨਵਾਂ ਸੂਟ ਪਾਇਆ ਹੋਇਆ ਸੀ। ਜਿਵੇਂ ਕਿਸੇ ਖਾਸ ਪਾਸੇ ਹੀ ਜਾਣਾ ਹੋਵੇ। ਥੋੜ੍ਹਾ ਜੇਹਾ ਪ੍ਰੇਸ਼ਾਨ ਵੀ ਨਜ਼ਰ ਆਉਂਦਾ ਸੀ।

ਮੈਂ ਪੁੱਛਿਆ, "ਕੀ ਗੱਲ ਕਿਤੇ ਜਾਣ ਦੀ ਤਿਆਰੀ ਐ"।

"ਆਹੋ" ਪਰ ਅਜੇ ਟਾਈ ਈ ਨੀ ਠੀਕ ਆਉਂਦੀ"।

"ਨਾ ਅੱਜ ਟਾਈ ਦੀ ਕੀ ਲੋੜ ਆ ਗਈ", ਮੈਂ ਮਜ਼ਾਕ ਜੇਹਾ ਕੀਤਾ।

"ਮੈਂ ਚੱਲਿਆਂ ਅਲੀ ਅਕਬਰ-ਖਾਂ ਦਾ ਸ਼ੋ ਵੇਖਣ"।

ਮੈਂ ਬੜਾ ਹੈਰਾਨ ਹੋਇਆ ਕਿ ਕਿਥੇ ਅਲੀ ਅਕਬਰ-ਖਾਂ ਤੇ ਕਿਥੇ ਇਹ।

"ਨਾ ਅਲੀ ਅਕਬਰ-ਖਾਂ ਨੇ ਕਰਨਾ ਕੀ ਐ ਉਥੇ" ਮੈਂ ਝਕਦੇ ਜਿਹੇ ਨੇ ਪੁੱਛ ਹੀ ਲਿਆ।

"ਕਰਨਾ ਕਰਾਉਣਾ ਕੀ ਐ ਕਹਿੰਦੇ ਐ ਸਿਤਾਰ ਬੜੀ ਸੋਹਣੀ ਵਜਾਉਂਦੈ।

"ਸਿਤਾਰ ਨੀ ਮੈਂ ਸ਼ਾਇਦ ਸਰੋਦ ਵਜਾਉਂਦੈ", ਮੈਂ ਉਸ ਨੂੰ ਦੱਸਿਆ।

"ਚੱਲ ਸਰੋਦ ਹੋਊ" ਉਸ ਕਾਹਲੀ ਦਾ ਜੁਆਬ ਦਿੱਤਾ।

"ਪਰ ਤੈਨੂੰ ਉਹਦਾ ਕੀ ਪਤਾ ਲੱਗੂ, ਉਥੇ ਤਾਂ ਉਹ ਲੋਕ ਜਾਂਦੇ ਆ ਜਿਨ੍ਹਾਂ ਨੂੰ ਜਾਂ ਤਾਂ ਸੰਗੀਤ ਵਾਰੇ ਗਿਆਨ ਹੋਵੇ ਜਾਂ ਫੇਰ ਸ਼ੌਕ ਹੋਵੇ ਤੇ ਪਹਿਲਾਂ ਇਹੋ ਜਿਹੇ ਸ਼ੋ ਵੇਖਦੇ ਰਹੇ ਹੋਣ"।

"ਪਤਾ ਪੂਰਾ ਕੀਹਨੇ ਲਾਉਣੈ' ਉਥੇ ਆਉਣੈ ਚੰਗੇ ਚੰਗੇ ਬੰਦਿਆਂ ਨੇ, ਕੋਈ ਜਾਣਦਾ ਪਹਿਚਾਣਦਾ ਮਿਲ ਗਿਆ ਇਵੇਂ ਆਪਣੀ ਟੌਹਰ ਬਣੂ"।

• • • • • •

ਪੰਜਾਬੀ ਦੇ ਪੜ੍ਹਨਯੋਗ ਇਨਕਲਾਬੀ ਪਰਚੇ: ਜੈਕਾਰਾ, ਪ੍ਰਚੰਡ, ਰੋਹਲੇਬਾਣ, ਸੁਨੇਹੜੇ, ਬਾਣਬਾਨ, ਵਿਦਿਆਰਥੀ ਸੰਘਰਸ਼, ਲਲਕਾਰ, ਮਸ਼ਾਲ, ਸਵੇਰ, ਵਿਦਿਆਰਥੀ ਸਮਾਚਾਰ, ਨਵੇਂ ਰਾਹ।

# ਨਾਟਕ ਅਲੈਕਸ਼ਨ ਫੰਡ

ਗੁਰਸ਼ਰਨ ਸਿੰਘ

ਨਵੀਂ ਸਰਕਾਰ ਵਲੋਂ ਪਿਛਲੀ ਸਰਕਾਰ ਦੇ ਅਹੁਦੇਦਾਰਾਂ ਵਿਰੁੱਧ ਕਾਂਗਰਸ ਪਾਰਟੀ ਫੰਡਾਂ ਵਿਚ ਵੱਡੇ ਪ੍ਰੈਮਾਨੇ ਤੇ ਹੇਰਾਫੇਰੀ ਦੇ ਇਲਜ਼ਾਮ ਲਗਾਏ ਹਨ ਅਤੇ ਪੁਲਸ ਕਾਰਵਾਈ ਵੀ ਹੋ ਰਹੀ ਹੈ। ਜ਼ਿੰਮੇਵਾਰ ਕਾਂਗਰਸੀਆਂ ਵਲੋਂ ਇਹ ਇਲਜ਼ਾਮ ਜਨਤਾ-ਅਕਾਲੀ ਲੀਡਰਾਂ ਉਤੇ ਵੀ ਲਗ ਰਿਹਾ ਹੈ ਕਿ ਉਹ ਆਪ ਵੀ ਕੋਈ ਦੁੱਧ ਧੋਤੇ ਨਹੀਂ ਤੇ ਉਹਨਾਂ ਦੀਆਂ ਪਾਰਟੀਆਂ ਦੇ ਲੀਡਰ ਵੀ ਹੇਰਾਫੇਰੀ ਕਰਦੇ ਹਨ। ਇਹ ਗੱਲ ਸਾਫ ਹੈ ਕਿ ਇਹਨਾਂ ਹੇਰਾ ਫੇਰੀਆਂ ਦੀ ਅਸਲ ਸ਼ਿਕਾਰ ਗਰੀਬ ਜਨਤਾ ਹੈ ਜਿਸਦੀ ਗਾੜ੍ਹੇ ਪਸੀਨੇ ਦੀ ਕਮਾਈ ਇਹਨਾਂ ਭ੍ਰਿਸ਼ਟਾਚਾਰੀ ਲੀਡਰਾਂ ਦੀ ਅਯਾਸ਼ੀ ਉਤੇ ਸਰਫ ਕੀਤੀ ਜਾਂਦੀ ਹੈ। ਵੱਡੀਆਂ ਵੱਡੀਆਂ ਕੰਪਨੀਆਂ ਸਰਕਾਰੀ ਪਾਰਟੀ ਨੂੰ ਲੱਖਾਂ ਰੁਪੈ ਫੰਡ ਦੇਂਦੀਆਂ ਹਨ ਅਤੇ ਫੇਰ ਕੀਮਤਾਂ ਵਧਾ ਕੇ ਸਾਧਾਰਨ ਜਨਤਾ ਦੀ ਛਿੱਲ ਲਾਹਦੀਆਂ ਹਨ। ਇਕ ਤਫਤੀਸ਼ ਅਨੁਸਾਰ ਮਾਰਚ ਵਿਚ ਜਿਹੜੀਆਂ ਚੋਣਾਂ ਹੋਈਆਂ ਹਨ, ਉਸ ਵਿਚ ਬੰਬਈ ਵਿਚ ਸਥਿਤ-ਵੱਡੀਆਂ ਕੰਪਨੀਆਂ ਨੇ ਕਾਂਗਰਸ ਪਾਰਟੀ ਨੂੰ ਜੋ ਫੰਡ ਦਿਤਾ ਹੈ, ਉਹਦਾ ਵੇਰਵਾ ਇਸ ਤਰ੍ਹਾਂ ਹੈ: ਏ.ਸੀ.ਸੀ. ਦੀ ਸੀਮੇਂਟ ਕੰਪਨੀ 7 ਲੱਖ, ਸੈਂਚਰੀ ਕੱਪੜਾ ਬਨਾਉਣ ਵਾਲੀ ਮਿੱਲ 18.77 ਲੱਖ, ਕਰਾਮਟਨ ਮਸ਼ੀਨਰੀ ਕੰਪਨੀ 5.50 ਲੱਖ, ਗਰੀਵਜ਼ ਕਰਾਮਟਨ ਵਾਲੇ 5.20 ਲੱਖ, ਮਫਤ ਲਾਲ 5.01 ਲੱਖ, ਨੋਸਿਲ 9 ਲੱਖ, ਰੇਮਾਂਡ ਵੂਲਨ ਮਿਲਜ਼ 11.54 ਲੱਖ, ਸੀਂਦੀਆ ਜਹਾਜ਼ਾਂ ਵਾਲੇ 15 ਲੱਖ, ਸਟੈਂਡਰਡ ਮਿਲਜ਼ 5 ਲੱਖ, ਸਿਥੇਟਿਕ ਕੈਮੀਕਲ ਮਿਲਜ਼ 4.76 ਲੱਖ, ਟੈਲਕੋ 17 ਲੱਖ, ਟਾਟਾ ਇਕਸਪ੍ਰੋਟ 5.25 ਲੱਖ, ਟਾਟਾ ਫਿਨਲੇ 14.69 ਲੱਖ, ਟਾਟਾ ਹਾਈਡਰੋ ਇਲੈਕਟਰਿਕ 7 ਲੱਖ, ਟਿਸਕੋ 18.60 ਲੱਖ, ਬੰਬੇ ਡਾਇੰਗ 8.05 ਲੱਖ, ਧਰਮਾਸੀ ਕੈਮੀਕਲ 5.07 ਲੱਖ, ਗੋਲਡਨ ਤੰਬਾਕੂ 5 ਲੱਖ, ਇੰਡੀਅਨ ਆਰਗੈਨਿਕ ਕੈਮੀਕਲ 5.04 ਲੱਖ, ਲਾਰਸੈਨ ਟੂਬਰੋ 7.12 ਲੱਖ, ਮਹਿੰਦਰਾ ਮਹਿੰਦਰ 5 ਲੱਖ, ਮੁਰਾਰਜੀ ਗੋਕਲ ਦਾਸ ਕੱਪੜਾ ਮਿਲਜ਼ 5.39 ਲੱਖ, ਗਾਰਵੇਅਰ ਨਾਇਲਨ 4.53 ਲੱਖ, ਫੋਰੋ ਐਲਾਏ 7 ਲੱਖ, ਬਰੋਡਾ ਰੇਆਨ 8.22 ਲੱਖ, ਮਫਤ ਲਾਲ ਇੰਡਸਟਰੀਜ਼ 5.45 ਲੱਖ, ਫ਼ੁਗੱਲੇ ਮਿਲਜ਼ 13 ਲੱਖ, ਗਵਾਲੀਅਰ ਮਿਲਜ਼ 15 ਲੱਖ—ਇਹ ਕੁਲ ਰਕਮ 25 ਕ੍ਰੋੜ ਬਣ ਜਾਂਦੀ ਹੈ ਅਤੇ ਇਹ ਸਿਰਫ ਬੰਬਈ ਵਿਚੋਂ ਇਕੱਠੀ ਕੀਤੀ ਗਈ ਹੈ। ਬਾਕੀ ਦੇਸ਼ ਵਿਚੋਂ ਇਕੱਠੀ ਕੀਤੀ ਰਕਮ ਦਾ ਅੰਦਾਜ਼ਾ ਹੀ ਕੋਈ ਨਹੀਂ—ਉਂਜ ਭੁਖੇ ਨੰਗੇ ਲੋਕਾਂ ਦੇ ਪਿੰਡਿਆਂ ਦਾ ਮਾਸ ਇਹਨਾਂ ਸਿਆਸੀ ਗਿਰਜ਼ਾਂ ਨੇ ਦੇਸ਼ ਦੇ ਸਰਮਾਏਦਾਰਾਂ ਨਾਲ ਰਲ ਕੇ ਕਿਸ ਤਰ੍ਹਾਂ ਲਾਹਿਆ ਹੈ, ਉਹਦਾ ਅੰਦਾਜ਼ਾ ਭਲੀ ਪ੍ਰਕਾਰ ਲਗਾਇਆ ਜਾ ਸਕਦਾ ਹੈ। ਇਹ ਨਾਟਕ ਜੋ ਲਿਖਿਆ ਗਿਆ ਹੈ, ਇਹ ਉਹਨਾਂ ਭੁੱਖੇ ਨੰਗੇ ਲੋਕਾਂ ਨੂੰ ਸਮਰਪਿਤ ਹੈ। ਇਸ ਨਾਟਕ ਦਾ ਸਥਾਨ ਸਿਆਸੀ ਬੋਸ ਦਾ ਕਮਰਾ ਹੈ, ਉਹਦੇ ਆਲੇ ਦੁਆਲੇ ਅੱਠ ਦਸ ਟੈਲੀਫੂਨ ਹਨ। ਫਿਲਮਾਂ ਵਿਚ ਸਮਗਲਰਾਂ ਦੇ ਬੌਸ ਜਿਸ ਤਰ੍ਹਾਂ ਹੁੰਦੇ ਹਨ, ਇਹ ਬੌਸ ਵੀ ਉਸੇ ਤਰ੍ਹਾਂ ਦਾ ਹੈ। ਬੌਸ ਇਕ ਟੈਲੀਫੂਨ ਚੁੱਕਦਾ ਹੈ:

ਆਵਾਜ਼—ਸਰ, ਸੇਠ ਸਾਹਿਬ ਆ ਗਏ ਹਨ।

ਬੌਸ—ਉਹਨਾਂ ਨੂੰ ਭੇਜ ਦਿੱਤਾ ਜਾਏ।

ਆਵਾਜ਼—ਯੈੱਸ ਸਰ (ਵਕਫਾ) ਸਰ ਮੈਨੂੰ ਦਸਣਾ ਯਾਦ ਨਹੀਂ ਰਿਹਾ, ਕੈਂਡੀ ਬਾਰੇ ਤੁਹਾਡੀਆਂ ਹਦਾਇਤਾਂ ਅਨੁਸਾਰ ਸਾਰਾ ਕੰਮ ਠੀਕ ਹੋ ਗਿਆ ਹੈ।

ਬੌਸ—ਗੁੱਡ, ਪਰ ਇਹ ਗੱਲ ਟੌਪ ਸੀਕਰਟ ਰਹਿਣੀ ਚਾਹੀਦੀ ਏ।

ਆਵਾਜ਼—ਯੈੱਸ ਸਰ।

ਟੈਲੀਫੂਨ ਰੱਖਦਾ ਹੈ—ਸੇਠ ਸਾਹਿਬ ਆਉਂਦਾ ਹੈ—ਬੌਸ ਦੇ ਇਸ਼ਾਰੇ ਤੇ ਉਹ ਬੈਠ ਜਾਂਦਾ ਹੈ।

ਬੌਸ—ਸੇਠ ਸਾਹਿਬ, ਤੁਹਾਨੂੰ ਪਤਾ ਏ, ਅਲੈਕਸ਼ਨਾਂ ਨੇੜੇ ਆ ਗਈਆਂ ਹਨ।

ਸੇਠ—ਹਾਂ, ਉਹ ਤਾਂ ਆ ਹੀ ਗਈਆਂ ਹਨ।

ਬੌਸ—ਇਹ ਹਰ ਪੰਜ ਸਾਲ ਬਾਅਦ ਆਉਂਦੀਆਂ ਨੇ।

ਸੇਠ—ਪਰ ਹੁਣ ਤਾਂ ਜਨਾਬ, ਇਹ ਜਲਦੀ ਜਲਦੀ ਆਉਣ ਲੱਗ ਪਈਆਂ ਨੇ।

ਬੌਸ—ਤੁਹਾਨੂੰ ਅਸੀਂ ਅਲੈਕਸ਼ਨਾਂ ਵਿਚ ਤਕਲੀਫ ਦੇਂਦੀ ਏ।

ਸੇਠ—ਜਨਾਬ, ਤੁਹਾਡੇ ਕਰਿੰਦੇ ਤਾਂ ਸਾਨੂੰ ਹੁਣ ਹਮੇਸ਼ਾ ਹੀ ਤਕਲੀਫ ਦੇਂਦੇ ਨੇ।

ਬਸ—ਬੜੇ ਬਦਮਾਸ਼ ਨੇ, ਮੈਂ ਉਹਨਾਂ ਨੂੰ ਮਨ੍ਹਾਂ ਕਰ ਦੇਵਾਂਗਾ, ਹਾਂ ਐਤਕੀਂ ਤੁਹਾਡੇ ਜ਼ਿੰਮੇ ਇਕ ਲੱਖ ਦੀ ਰਕਮ ਏ।

ਸੇਠ—ਇਕ ਲੱਖ ? ਇਹ ਮੈਂ ਕਿਥੋਂ ਕੱਢ ਕੇ ਦੇਵਾਂਗਾ ?

ਬੌਸ—ਜਿਥੇ ਤੁਸੀਂ ਸਾਂਭ ਕੇ ਰੱਖੇ ਹੋਏ ਨੇ।

ਸੇਠ—ਪਰ......ਪਿਛਲੀ ਵਾਰੀ ਮੇਰਾ ਹਿਸਾ 50 ਹਜ਼ਾਰ ਸੀ ।

ਬੌਸ—ਪਿਛਲੀ ਵਾਰੀ ਤੁਸਾਂ ਨੇ ਇਕ ਇੰਪੋਰਟ ਲਾਇ-ਸੈਂਸ ਲਿਆ ਸੀ, ਐਤਕੀਂ ਅਸੀਂ ਤੁਹਾਨੂੰ ਬਹੁਤਾ ਖੁਸ਼ ਕਰਨਾ ਚਾਹੁੰਦੇ ਹਾਂ, ਉਂਝ ਇਹ ਗੱਲ ਮੇਰੇ ਤੁਹਾਡੇ ਵਿਚ ਏ, ਇਸ ਇਕ ਲਾਇਸੈਂਸ ਵਿਚ ਤੁਸੀਂ ਕਿੰਨਾ ਕੁ ਕਮਾਇਆ ਏ ?

ਸੇਠ—ਲੋ ਤੁਹਾਡੇ ਕੋਲ ਕਾਹਦਾ ਲੁਕਾ ? ਕਮਾ ਹੀ ਲਿਆ ਏ ।

ਬੌਸ—ਫੇਰ ਵੀ ਕਿੰਨਾ ? ਦਸ ਬਾਰਾਂ ਲੱਖ ?

ਸੇਠ—ਨਹੀਂ ਏਨਾਂ ਕਿਥੇ ?

ਬੌਸ—ਅੱਠ ਲੱਖ ?

ਸੇਠ—ਤੁਸੀਂ ਤਾਂ ਜਾਣੀ ਜਾਣ ਹੋ ?

ਬੌਸ—ਫੇਰ ਤਾਂ ਲੱਖ ਥੋੜ੍ਹਾ ਏ, ਤੁਹਾਨੂੰ ਦੋ ਲੱਖ ਦੇਣਾ ਚਾਹੀਦਾ ਏ ।

ਸੇਠ—ਕਿਉਂ ਜ਼ੁਲਮ ਕਰਦੇ ਹੋ ?

ਬੌਸ—ਇਕੋ ਹੀ ਆਈਟਮ ਵਿਚ 8 ਲੱਖ ਕਮਾ ਲੈਣਾ, ਇਹ ਤੁਹਾਡੀ ਹੀ ਹਿੰਮਤ ਏ ।

ਬੌਸ—ਤੁਹਾਡੀ ਬਣਾਈ ਹੋਈ ਦਵਾਈ ਭਾਰਤ ਵਿਚ ਲੱਖਾਂ ਲੋਕਾਂ ਨੂੰ ਸਿਹਤ ਦੇਂਦੀ ਏ।

ਸੇਠ—ਉਹ ਤਾਂ ਦੇਂਦੀ ਹੀ ਏ ।

ਬੌਸ—ਤੁਸਾਂ ਉਹਦਾ ਮੁੱਲ ਕਿਉਂ ਏਨਾ ਰਖਿਆ ਏ ?

ਸੇਠ—ਜਨਾਬ ਖਰਚੇ ਹੀ ਬੜੇ ਨੇ ।

ਬੌਸ—ਪਰ ਦਵਾਈ ਬਨਾਉਣ ਵਿਚ ਤਾਂ ਕੋਈ ਖਾਸ ਖਰਚ ਨਹੀਂ ਆਉਂਦਾਂ ।

ਸੇਠ—ਉਤਲੇ ਖਰਚੇ ਹੀ ਬੜੇ ਨੇ ।

ਬੌਸ—ਮਸਲਨ ?

ਸੇਠ—ਹੁਣ ਇਹ ਇਕ ਲੱਖ ਤੁਹਾਨੂੰ ਹੀ ਦੇਣਾ ਏ... ਤੁਸੀਂ ਆਪ ਸਿਆਣੇ ਹੋ, ਅਸੀਂ ਵੀ ਤਾਂ ਕਿਧਰੋਂ ਕਢਣਾ ਏ ।

ਬੌਸ—ਪਰ ਤੁਸੀਂ ਕੋਈ ਹੋਰ ਰਾਹ ਲਭੋ, ਆਮ ਆਦਮੀ ਦੇ ਕੱਪੜੇ ਕਿਉਂ ਲਾਂਹਦੇ ਹੋ ?

ਸੇਠ—ਜਨਾਬ ਇਹ ਗਰਮ ਮੁਲਕ ਏ—ਇਥੇ ਲੋਕਾਂ ਨੂੰ ਕਪੜਿਆਂ ਦੀ ਲੋੜ ਹੀ ਨਹੀਂ ।

ਬੌਸ—(ਹੱਸਦੇ ਹੋਏ) ਤੁਹਾਡੀਆਂ ਗੱਲਾਂ ਕਾਫੀ ਦਿਲ-ਚਸਪ ਨੇ ।

ਸੇਠ—ਇਹ ਜ਼ਿੰਦਗੀ ਦਾ ਨਿਚੋੜ ਏ ।

ਬੌਸ—ਨਿਚੋੜ ? ਇਹ ਸ਼ਬਦ ਕਾਫੀ ਦਿਲਚਸਪ ਏ—ਜ਼ਿੰਦਗੀ ਦਾ ਨਿਚੋੜ...ਲੋਕਾਂ ਦੇ ਲਹੂ ਦਾ ਨਿਚੋੜ (ਹੱਸਦਾ ਹੈ, ਹੋਰ ਉੱਚੀ ਹੱਸਦਾ ਹੈ—ਇਕ ਅਭਿਮਾਨੀ ਹਾਸਾ—ਸੇਠ ਵੀ ਹੱਸਦਾ ਹੈ ਤੇ ਫੇਡ ਆਊਟ—ਫੇਡ ਆਊਟ ਤੋਂ ਬਾਅਦ ਫੇਰ ਰੌਸ਼ਨੀ ਹੈ ਤਾਂ ਸੇਠ ਜਾ ਚੁਕਿਆ ਹੈ ਅਤੇ ਬੌਸ ਟੈਲੀਫ਼ੂਨ ਕਰ ਰਿਹਾ ਹੈ—

ਬੌਸ—(ਟੈਲੀਫ਼ੂਨ ਤੇ) ਕੀ ਕਿਹਾ ? ਇੰਡੀਅਨ ਪਲਾਸ-ਟਿਕ ਵਾਲੇ ਫੰਡ ਦੇਣ ਬਾਰੇ ਕੋਈ ਹਿਚਕਚਾਹਟ ਕਰਦੇ ਨੇ—ਉਹਨਾਂ ਦੀ ਇਹ ਹਿੰਮਤ ?...ਤੂੰ ਟੈਲੀਫ਼ੂਨ ਬੰਦ ਕਰਕੇ ਇਨਕਮ ਟੈਕਸ ਕਮਿਸ਼ਨਰ ਨਾਲ ਕੁਨੈਕਟ ਕਰ, ਹੁਣੇ ਹੋਸ਼ ਆ ਜਾਏਗੀ... ਕੀ ਕਿਹਾ ਉਹ ਤੇਰੇ ਕੋਲ ਹੀ ਬੈਠੇ ਨੇ, ਫੇਰ ਟੈਲੀਫ਼ੂਨ ਉਹਨਾਂ ਨੂੰ ਦੇ...ਕੀ ਕਿਹਾ ਤੁਸੀਂ ਕਿਥੋਂ ਦੇਵੋ ? ਜਿਥੋਂ ਮਰਜ਼ੀ ਦੇਵੋ—ਕੀ ਕਿਹਾ ਜਨਤਾ ਹੁਣ ਨੰਗੀ ਹੋ ਗਈ ਏ, ਹੋਰ ਕੀ ਲਾਹੋਂ ? ਮਾਸ ਲਾਹੋ ਪਰ ਸਾਡੀ ਰਕਮ ਮਿਲਣੀ ਚਾਹੀਦੀ ਏ...ਹਾਂ ਸੇਠ ਸਾਹਿਬ ਸਾਨੂੰ ਸਾਡੀ ਰਕਮ ਮਿਲਣੀ ਚਾਹੀਦੀ ਏ...ਹਾਂ ਖਾਦ ਦੀ ਏਜੰਸੀ ਮਿਲ ਜਾਏਗੀ...ਮਿੱਟੀ ਪਾ ਕੇ ਵੇਚੋ, ਸੋਨਾ ਪਾ ਕੇ ਵੇਚੋ...ਸਾਨੂੰ ਕੀ...ਸਾਡਾ ਫੰਡ ਮਿਲਣਾ ਚਾਹੀਦਾ ਏ...ਅਸੀਂ ਅਲੈਕਸ਼ਨ ਲੜਣੀ ਏ... ਐਤਕੀਂ ਮੁਕਾਬਲਾ ਸਖਤ ਏ--ਇਕ ਲੱਖ ਦੇ ਤਾਂ ਇਸ਼ਤਿਹਾਰ ਹੀ ਛਪ ਜਾਣੇ ਨੇ......ਬਸ ਠੀਕ ਏ...ਸ਼ੁਕਰੀਆ ।

(ਟੈਲੀਫ਼ੂਨ ਰੱਖ ਦੇਂਦਾ ਹੈ)

(ਆਪਣੇ ਆਪ ਨਾਲ) ਇਸ ਤਰ੍ਹਾਂ ਕਾਬੂ ਆਂਦੇ ਨੇ ? ਇਨਕਮ ਟੈਕਸ ਦਾ ਨਾਂ ਸੁਣਿਆ ਤਾਂ ਬਿਰਕ ਪਿਆ...ਇਹ ਚੋਰ ਇਸ ਤਰ੍ਹਾਂ ਹੀ ਕਾਬੂ ਆਂਦੇ ਨੇ ।

(ਟੈਲੀਫ਼ੂਨ ਫੇਰ ਵੱਜਦਾ ਹੈ)

(ਟੈਲੀਫ਼ੂਨ ਤੇ) ਹਾਂ ਭੇਜ ਦੇਵੋ ।

(ਫੇਰ ਆਪਣੀ ਟੇਬਲ ਤੇ ਬੈਠ ਜਾਂਦਾ ਹੈ।

ਇਕ ਫਿਲਮੀ ਪ੍ਰੋਡਿਊਸਰ ਆਉਂਦਾ ਹੈ)

ਬੌਸ—(ਪ੍ਰੋਡਿਊਸਰ ਨੂੰ) ਤੁਹਾਡੀ ਫਿਲਮ ਵੇਖੀ, ਪਸੰਦ ਆਈ ।

ਪ੍ਰੋਡਿਊਸਰ—ਸ਼ੁਕਰੀਆ ।

ਬੌਸ—(ਰਾਜ਼ ਨਾਲ) ਮੈਂ ਕਿਹਾ ਇਹ ਹੀਰੋਇਨ ਕਿਥੋਂ ਲੱਭੀ ਜੇ ?

ਪ੍ਰੋਡਿਊਸਰ—ਕਿਉਂ ਚੰਗੀ ਲੱਗੀ ?

ਬੌਸ—ਉਹ ਨਹਾਉਣ ਵਾਲਾ ਸੀਨ ਵਧੀਆ ਸੀ, ਪਰ ਛੋਟਾ ਸੀ—ਤੇ ਨਾਲੇ ਥੋੜ੍ਹਾ ਹੋਰ ਥੱਲੇ ਤਕ ਫਿਲਮਾ ਦੇਂਦੇ ਤਾਂ ਹੋਰ ਸਵਾਦ ਆਉਣਾ ਸੀ ।

ਪ੍ਰੋਡਿਊਸਰ—ਅਸੀਂ ਤਾਂ ਫਿਲਮਾ ਦੇਣਾ ਸੀ, ਪਰ ਤੁਹਾਡੇ ਸੈਂਸਰ ਵਾਲਿਆਂ ਕੋਲੋਂ ਡਰ ਲਗਦਾ ਏ ।

ਬੌਸ—ਤੁਸੀਂ ਫਿਲਮਾ ਦਿਆ ਕਰੋ, ਅਸੀਂ ਮੈਂਬਰ ਤਾਂ ਵੇਖ ਲਿਆ ਕਰੀਏ—ਪਿਛੋਂ ਭਾਵੇਂ ਕੱਟ ਕਰ ਦਿਤਾ ।

ਪ੍ਰੋਡਿਊਸਰ—ਅਗੋਂ ਇਹਦਾ ਖਿਆਲ ਰਖਾਂਗੇ ।

ਬੌਸ—ਤੁਹਾਡੀ ਫਿਲਮ ਦੀ ਟੈਕਸ ਮੁਆਫੀ ਦੀ ਮੈਂ

ਸਿਫਾਰਸ਼ ਕਰ ਦਿਤੀ ਏ—ਦੇਸ਼ ਭਗਤੀ ਵਾਲੀ ਕੈਟੇਗਰੀ ਥੱਲੇ...ਭਾਵੇਂ ਅਸਲੀਅਤ ਇਹੋ ਵੇ ਕਿ ਉਸ ਵਿਚ ਦੇਸ਼ ਭਗਤੀ ਵਾਲੀ ਗੱਲ ਕੋਈ ਨਹੀਂ ਸੀ।

ਪ੍ਰੋਡਿਊਸਰ—ਪਰ ਜਨਾਬ ਈਸ਼ਵਰ ਭਗਤੀ ਵਾਲੀ ਤਾਂ ਸੀ।

ਬੌਸ—ਉਹ ਕਿਹੜੀ ?

ਪ੍ਰੋਡਿਊਸਰ—ਹੀਰੋਇਨ ਵਾਲੀ।

ਬੌਸ—ਹੀਰੋਇਨ ਵਾਲੀ ? ਹੀਰੋਇਨ ਤਾਂ ਤੁਹਾਡੀ ਸਾਰੀ ਪਿਕਚਰ ਵਿਚ ਹੀਰੋ ਨਾਲ ਰੰਗ ਰਲੀਆਂ ਮਨਾਉਂਦੀ ਏ—ਸਭ ਕੰਮ ਕਾਮ-ਉਕਸਾਊ ਸੀ।

ਪ੍ਰੋਡਿਊਸਰ—ਨਹੀਂ ਜਨਾਬ, ਮੇਰਾ ਮਤਲਬ ਏ ਕਿ ਉਹ ਸੀਨ ਜਦੋਂ ਹੀਰੋਇਨ ਅੱਖਾਂ ਮੀਟ ਕੇ ਈਸ਼ਵਰ ਨੂੰ ਯਾਦ ਕਰਦੀ ਏ ਤੇ ਜਦੋਂ ਅੱਖਾਂ ਖੋਲ੍ਹਦੀ ਏ ਤਾਂ ਉਹਦਾ ਪ੍ਰੇਮੀ ਉਹਦੇ ਸਾਹਮਣੇ ਹੁੰਦਾ ਏ—ਜਨਾਬ ਇਸ ਤਰ੍ਹਾਂ ਅਸੀਂ ਭਗਤੀ ਦੀ ਸ਼ਕਤੀ ਵਿਖਾਈ ਏ।

ਬੌਸ—(ਹੱਸਦਾ ਹੈ) ਖ਼ੂਬ, ਤੁਹਾਡੀ ਦਲੀਲ ਦਿਲਚਸਪ ਹੈ—ਖੈਰ ਟੈਕਸ ਮੁਆਫ ਹੋਣ ਨਾਲ ਤੁਹਾਨੂੰ ਡਿਸਟ੍ਰੀਬਿਊਟਰਾਂ ਕੋਲੋਂ ਫਾਇਦਾ ਤਾਂ ਹੋਏਗਾ ਹੀ·

ਪ੍ਰੋਡਿਊਸਰ—ਹਾਂ ਜੀ ਫਿਲਮ ਵੇਚਣ ਵਿਚ ਆਸਾਨੀ ਹੋਏਗੀ।

ਬੌਸ—ਨਿਰੀ ਆਸਾਨੀ ਹੀ ?

ਪ੍ਰੋਡਿਊਸਰ—ਨਹੀਂ ਮੇਰਾ ਮਤਲਬ ਏ ਮੂੰਹ ਮੰਗੇ ਪੈਸੇ ਵੀ ਮਿਲ ਜਾਣਗੇ—ਤਿੰਨ ਚਾਰ ਲੱਖ ਦਾ ਫਰਕ ਤਾਂ ਪੈ ਹੀ ਜਾਏਗਾ।

ਬੌਸ—ਬਸ ਫਿਰ ਸਾਡਾ ਹਿੱਸਾ ਇਕ ਲੱਖ ਦਾ ਹੋ ਗਿਆ।

ਪ੍ਰੋਡਿਊਸਰ—ਇਕ ਲੱਖ ?

ਬੌਸ—ਘਬਰਾਓ ਨਾ—ਮੈਨੂੰ ਆਪਣੇ ਲਈ ਨਹੀਂ, ਪਾਰਟੀ ਲਈ ਹੀ ਚਾਹੀਦੇ ਨੇ।

ਪ੍ਰੋਡਿਊਸਰ—ਜਨਾਬ ਸਾਡੇ ਕੋਲੋਂ ਤਾਂ ਨਿਕਲ ਹੀ ਜਾਣੇ ਨੇ—ਭਾਵੇਂ ਕਾਲੇ ਚੋਰ ਕੋਲ ਹੀ ਜਾਣ—

ਬੌਸ—ਪਰ ਤੁਸੀਂ ਕਿਹੜਾ ਆਪਣੇ ਕੋਲੋਂ ਦੇਣੇ ਨੇ—ਇਕ ਪਾਸਿਓਂ ਲੈਣੇ ਨੇ ਦੂਜੇ ਪਾਸੇ ਦੇ ਦੇਣੇ ਨੇ।

ਪ੍ਰੋਡਿਊਸਰ—ਹਾਂ ਜੀ—ਤੁਸੀਂ ਵੀ ਟੈਕਸ ਮੁਆਫੀ ਕਿਹੜਾ ਆਪਣੇ ਪੱਲਿਓਂ ਕਰਨੀ ਏਂ--ਸਰਕਾਰੀ ਖਜ਼ਾਨੇ ਵਿਚ ਠੂੰਗਾ ਮਾਰਨਾ ਏਂ—

ਬੌਸ—ਠੂੰਗਾ ? ਕਾਫੀ ਦਿਲਚਸਪ ਸ਼ਬਦ ਏ—ਠੂੰਗਾ...

ਪ੍ਰੋਡਿਊਸਰ—ਤੇ ਸਰਕਾਰ ਇਹ ਠੂੰਗਾ ਲੋਕਾਂ ਕੋਲੋਂ ਪੂਰਾ ਕਰ ਲਵੇਗੀ।

ਬੌਸ—ਠੂੰਗਾ...ਠੂੰਗਾ...

(ਇਹ ਸ਼ਬਦ ਦੁਹਰਾਉਂਦਾ ਰਹਿੰਦਾ ਏ ਪ੍ਰੋਡਿਊਸਰ ਚਲਾ ਜਾਂਦਾ ਹੈ—'ਠੂੰਗਾ' 'ਠੂੰਗਾ' ਹੀ ਕਰ ਰਿਹਾ ਹੈ, ਜਦੋਂ ਟੈਲੀਫੂਨ ਦੀਆਂ ਘੰਟੀਆਂ ਵਜਣੀਆਂ ਸ਼ੁਰੂ ਹੋ ਜਾਂਦੀਆਂ ਹਨ ਉਹ ਇਕ ਟੈਲੀਫੂਨ ਚੁਕਦਾ ਹੈ)

ਬੌਸ—ਕੌਣ ? ਭਾਰਤ ਦੀ ਜਨਤਾ ?

ਆਵਾਜ਼—ਅਸੀਂ ਤੈਨੂੰ ਚੁਣ ਕੇ ਭੇਜਿਆ ਏ—ਸਾਡੇ ਕੱਪੜੇ ਲਹਿ ਗਏ ਨੇ—ਤੂੰ ਬੋਲਦਾ ਕਿਉਂ ਨਹੀਂ—ਤੂੰ ਸਾਡੇ ਹੱਕਾਂ ਨੂੰ ਠੂੰਗਾ ਮਾਰਿਆ ਏ—ਠੂੰਗਾ ਮਾਰਿਆ ਏ—

ਬੌਸ—(ਟੈਲੀਫੂਨ ਰੱਖਦੇ ਹੋਏ) ਠੂੰਗਾ ?

(ਦੂਜਾ ਟੈਲੀਫੂਨ ਚੁੱਕਦਾ ਹੈ)

ਬੌਸ—ਕੌਣ ? ਭਾਰਤ ਦੇ ਲੋਕ ?

ਆਵਾਜ਼—ਬੁੱਚੜ ਸਾਡਾ ਮਾਸ ਲਾਹ ਰਹੇ ਨੇ ਉਹ ਸਾਡੇ ਜਿਸਮਾਂ ਤੇ ਠੂੰਗਾ ਮਾਰ ਰਹੇ ਨੇ—ਇਹ ਸਭ ਤੇਰੀ ਵਜ੍ਹਾ ਨਾਲ ਏ।

ਬੌਸ—ਠੂੰਗਾ ? ਹੱਕਾਂ ਤੇ ਠੂੰਗਾ, ਜਿਸਮਾਂ ਤੇ ਠੂੰਗਾ—ਠੂੰਗਾ...ਠੂੰਗਾ।

ਆਵਾਜ਼ਾਂ—ਹਾਂ ਠੂੰਗਾ, ਤੂੰ ਬੁੱਚੜ ਏਂ, ਤੂੰ ਕਸਾਈ ਏਂ, ਤੂੰ ਚੋਰ ਏਂ, ਤੂੰ ਲੁਟੇਰਾ ਏਂ, ਤੂੰ ਠੂੰਗਾ ਮਾਰਿਆ—ਠੂੰਗਾ...ਠੂੰਗਾ...।

(ਮੰਚ ਤੇ ਇਸ ਤਰ੍ਹਾਂ ਸ਼ੋਰ ਪੈ ਰਿਹਾ ਜਿਸ ਤਰ੍ਹਾਂ ਸਿਆਸੀ ਬੌਸ ਨੂੰ ਆਵਾਜ਼ਾਂ ਨੇ ਘੇਰ ਲਿਆ ਹੈ—ਉਹ ਚੱਕਰ ਖਾ ਕੇ ਡਿੱਗ ਜਾਂਦਾ ਹੈ—ਤੇ ਫੇਰ ਅਭੜਵਾਹੇ ਉੱਠਦਾ ਹੈ।)

ਬੌਸ—ਬਚਾਓ......ਬਚਾਓ......ਭੂਤਾਂ ਨੇ ਮੈਨੂੰ ਘੇਰ ਲਿਆ ਏ।

ਅਵਾਜ਼ਾਂ—ਭੂਤ ਨਹੀਂ—ਇਹ ਜਾਗਦੇ ਲੋਕ ਨੇ, ਜਿਨ੍ਹਾਂ ਨੇ ਤੈਨੂੰ ਜਾਣ ਲਿਆ ਏ—ਤੇਰੇ ਚੋਣਾਂ ਦੇ ਪਖੰਡ ਨੂੰ ਪਛਾਣ ਲਿਆ ਏ, ਚੋਰਾਂ ਨੂੰ ਜਾਣ ਲਿਆ ਏ—ਲੁਟੇਰਿਆਂ ਨੂੰ ਪਛਾਣ ਲਿਆ ਏ...ਤੂੰ ਸਾਡੇ ਹੱਕ ਤੇ ਠੂੰਗਾ ਮਾਰਿਆ ਏ...ਠੂੰਗਾ...ਠੂੰਗਾ।

ਬੌਸ—(ਪਾਗਲਾਂ ਵਾਂਗ ਇਕ ਪਲ ਹੱਸਦਾ ਏ—ਇਕ ਪਲ ਰੋਂਦਾ ਏ) ਠੂੰਗਾ...ਠੂੰਗਾ...ਆਪਣੇ ਵਾਲ ਖੋਂਹਦਾ ਹੈ ਤੇ ਡਿੱਗ ਪੈਂਦਾ ਹੈ।

(ਪਰਦਾ ਡਿੱਗ ਜਾਂਦਾ ਹੈ)

ਨੋਟ—ਇਸ ਨਾਟਕ ਦੇ ਪਹਿਲੇ ਹਿੱਸੇ ਦੇਸ਼ ਦੇ ਵਿਸ਼ਾਲ ਮੰਚ ਤੇ ਵੇਖੇ ਜਾ ਚੁੱਕੇ ਹਨ—ਸਿਖਰੀ ਭਾਗ ਦੀ ਉਡੀਕ ਹੈ, ਜਦੋਂ ਲੋਕ ਉਠਣਗੇ।

**ਪੋਸਟ ਸਕ੍ਰਿਪਟ :**

ਧਾਰਮਿਕ ਪਾਰਟੀ ਦੇ ਉਮੀਦਵਾਰ ਨੇ ਆਪਣੀ ਚੋਣ ਲੜਾਈ ਦਾ ਉਦਘਾਟਨ ਕਰਨਾ ਸੀ। ਅਖੰਡ ਪਾਠ ਰਖਿਆ ਗਿਆ। ਭੋਗ ਦੇ ਬਾਅਦ ਗੁਰੂ ਪਿਆਰੀ ਸਾਧ ਸੰਗਤ ਨੇ, ਜ਼ਿਹਨਾਂ ਵਿਚ ਡੀਪੂ ਹੋਲਡਰ ਸਨ, ਪੈਟਰੋਲ ਪੰਪਾਂ ਦੇ ਮਾਲਕ ਸਨ, ਕਾਰਖ਼ਾਨੇਦਾਰ ਸਨ, ਵੱਡੇ ਜ਼ਿਮੀਂਦਾਰ ਸਨ ਤੇ ਆਮ ਲੋਕ ਵੀ ਸਨ, ਬੱਤੀ ਹਜ਼ਾਰ ਰੁਪਿਆ ਉਮੀਦਵਾਰ ਦੇ ਖਰਚੇ ਲਈ ਭੇਟਾ ਕੀਤਾ। ਇਸ ਰਕਮ ਦਾ ਹਿਸਾਬ ਹੋਰਨਾਂ ਰਕਮਾਂ ਵਾਂਗ ਗੁਰੂ ਦੇ ਖਾਤੇ ਵਿਚ ਪਾ ਦਿਤਾ ਗਿਆ। ਇਹ ਐਸਾ ਖਾਤਾ ਹੈ, ਜਿਸ ਦਾ ਹਿਸਾਬ ਗੁਰੂ ਸਾਹਿਬ ਜੀ ਜਾਣਦੇ ਹਨ।

# ਆਂਧਰਾਂ ਦਾ ਤੂਫਾਨ ਤੇ ਕੇਂਦਰੀ ਅਤੇ ਸੂਬੇ ਦੀਆਂ ਸਰਕਾਰਾਂ

ਹੁਣ ਤਕ ਲੱਗ ਭਗ ਸਾਰੀ ਕੌਮ ਇਹ ਜਾਣ ਚੁੱਕੀ ਹੈ ਕਿ ਕਿਵੇਂ ਉੱਨੀ ਨਵੰਬਰ ਆਂਧਰਾ ਪਰਦੇਸ਼ ਦੇ ਸਮੁੰਦਰ ਦੇ ਨਾਲ ਲਗਦੇ ਇਲਾਕੇ ਲਈ ਏਸ ਸਦੀ ਦੀ ਸਭ ਤੋਂ ਵੱਧ ਭਿਆਨਕ ਤਬਾਹੀ ਲੈ ਕੇ ਆਇਆ, ਤੇ ਇਹ ਵੀ, ਕਿ ਕਿਵੇਂ ਅਜਿਹੀ ਕੁਦਰਤੀ ਤਬਾਹੀ ਵੇਲੇ ਵੀ ਚੋਣ-ਪਾਰਟੀਆਂ ਦੇ ਲੀਡਰ ਲੋਕਾਂ ਨੂੰ ਤਬਾਹੀ ਤੋਂ ਬਚਾਉਣ ਦੀ ਬਜਾਏ ਇਸ ਤਬਾਹੀ ਨੂੰ ਵੀ ਆਪਣੇ ਸੌੜੇ ਸਿਆਸੀ ਹਿਤਾਂ ਲਈ ਵਰਤਣ ਖਾਤਰ ਹਜ਼ਾਰਾਂ ਮਨੁੱਖੀ ਲਾਸ਼ਾਂ ਉਤੇ ਗਿਰਝਾਂ ਵਾਂਗ ਆ ਉਤਰੇ ਹਨ।

ਪਿਛਲੇ ਦਿਨੀਂ ਇਹਨਾਂ ਸਤਰਾਂ ਦੇ ਲੇਖਕ ਨੂੰ ਆਂਧਰਾ ਦੇ ਤੂਫ਼ਾਨ ਮਾਰੇ ਕੁਝ ਇਲਾਕਿਆਂ ਦਾ ਹਾਲ, ਇਕ ਸਹਾਇਤਾ-ਟੀਮ ਨਾਲ ਕੰਮ ਕਰਦੇ ਹੋਏ ਨੇੜਿਓਂ ਵੇਖਣ ਦਾ ਮੌਕਾ ਮਿਲਿਆ। ਬੇਸ਼ੱਕ ਸਾਰਾ ਇਲਾਕਾ ਅਜੀਂ ਨਹੀਂ ਦੇਖਿਆ ਜਾ ਸਕਿਆ, ਪਰ ਉਸ ਇਲਾਕੇ ਦੇ ਸਰਕਾਰੀ ਅਤੇ ਗੈਰ-ਸਰਕਾਰੀ (ਭਰੋਸੇਯੋਗ) ਵਸੀਲਿਆਂ ਤੋਂ ਇਸ ਭਿਆਨਕ ਕੁਦਰਤੀ ਤਬਾਹੀ ਬਾਰੇ, ਕੇਂਦਰ ਤੇ ਰਾਜ ਦੀਆ ਸਰਕਾਰਾਂ ਦੇ ਰਵੱਈਏ ਬਾਰੇ, ਅਤੇ ਲੋਕਾਂ ਦੀ ਸਹਾਇਤਾ ਲਈ ਕੰਮ ਕਰ ਰਹੀਆਂ ਵੱਖੋ-ਵੱਖ ਜਥੇਬੰਦੀਆਂ ਦੇ ਕੰਮਾਂ ਬਾਰੇ, ਕਾਫ਼ੀ ਜਾਣਕਾਰੀ ਹਾਸਲ ਹੋਈ। ਲੇਖਕ ਇਸ ਜਾਣਕਾਰੀ ਨੂੰ ਪੰਜਾਬ ਦੇ ਲੋਕਾਂ ਨਾਲ ਸਾਂਝਿਆਂ ਕਰਨਾਂ ਆਪਣਾ ਇਖ਼ਲਾਕੀ ਫ਼ਰਜ਼ ਸਮਝਦਾ ਹੈ

## ਹਾਕਮਾਂ ਦੀ ਮੁਜ਼ਰਮਾਨਾ ਅਣਗਹਿਲੀ

ਉੱਨੀ ਨਵੰਬਰ ਤੋਂ ਕਈ ਦਿਨ ਪਹਿਲਾਂ ਤਾਮਿਲਨਾਡੂ ਦੇ ਕੁਝ ਇਲਾਕਿਆਂ ਵਿਚ ਤੂਫਾਨ ਆਇਆ ਸੀ, ਤੇ ਉਸ ਨਾਲ ਵੀ ਕਾਫ਼ੀ ਤਬਾਹੀ ਹੋਈ ਸੀ. ਭਾਵੇਂ ਕਿ ਇਸ ਦੇ ਮੁਕਾਬਲੇ ਬਹੁਤ ਘੱਟ। ਪਰ ਉਸ ਤੂਫ਼ਾਨ ਤੋਂ ਬਾਅਦ 6 ਨਵੰਬਰ ਤੇ 20 ਨਵੰਬਰ ਵਿਚਕਾਰ ਮਦਰਾਸ ਦੇ ਮੀਟਰੋ-ਲੋਜੀਕਲ ਵਿਭਾਗ (ਮੌਸਮ ਬਾਰੇ ਜਾਣਕਾਰੀ ਦੇਣ ਵਾਲਾ ਵਿਭਾਗ) ਵਲੋਂ ਲੱਗਭਗ 12 ਸੁਨੇਹੇ ਤੇ ਚੇਤਾਵਨੀਆਂ ਹੈਦਰਾਬਾਦ (ਆਂਧਰਾ ਦੀ ਰਾਜਧਾਨੀ) ਨੂੰ ਭੇਜੀਆਂ ਗਈਆਂ। ਖਾਸ ਕਰਕੇ. 18 ਤੇ 19 ਨਵੰਬਰ ਦੀਆਂ ਚੇਤਾਵਨੀਆਂ ਨੇ ਤਾਂ ਇਹ ਸਪਸ਼ਟ ਜ਼ਾਹਰ ਕਰ ਦਿੱਤਾ ਸੀ ਕਿ ਆਉਣ ਵਾਲਾ ਤੂਫ਼ਾਨ ਕਿੰਨਾ ਭਿਆਨਕ ਹੈ, ਕਿਹੜੇ ਕਿਹੜੇ ਇਲਾਕਿਆਂ ਨੂੰ ਇਸਨੇ ਆਪਣੀ ਲਪੇਟ ਵਿਚ ਲੈਣਾ ਹੈ ਤੇ ਕਿਹੋ ਜਿਹੇ ਬਚਾਅ ਪ੍ਰਬੰਧ ਤੁਰੰਤ ਕਰਨੇ ਚਾਹੀਦੇ ਹਨ। ਮੌਸਮ-ਵਿਭਾਗ ਦੀ ਰਿਪੋਰਟ ਦਾ ਇਹ ਵੀ ਦਾਅਵਾ ਹੈ ਕਿ 19 ਨਵੰਬਰ ਤੋਂ "ਮੁੱਖ ਮੰਤਰੀ ਨੂੰ ਮਿੰਟ-ਮਿੰਟ ਦੀ ਹਾਲਤ ਬਾਰੇ ਸੂਚਿਤ ਰਖਿਆ ਜਾਂਦਾ ਰਿਹਾ।" ਪਰ ਆਂਧਰਾ ਦੀ ਸਰਕਾਰ ਤੇ ਅਫ਼ਸਰਸ਼ਾਹੀ 'ਤੇ ਇਹਨਾਂ ਚਿਤਾਉਣੀਆਂ ਦਾ ਭੋਰਾ ਅਸਰ ਨਹੀਂ ਹੋਇਆ। ਇਸ ਗੱਲ ਦੀ ਗਵਾਹੀ ਮੌਤ ਨਾਲ ਗੱਲਬਾਤ ਵਿਚ ਖੁਦ ਸ੍ਰੀਮਤੀ ਲਕਸ਼ਮੀ ਰਘੂਰਾਮੱਈਆ, ਜੋ ਕਿ ਸਾਬਕਾ ਕੇਂਦਰੀ ਵਜ਼ੀਰ ਕੇ. ਵੀ. ਰਘੂਰਾਮੱਈਆ ਦੀ ਪਤਨੀ ਤੇ 'ਕੁਲ-ਹਿੰਦ ਇਸਤਰੀ ਕਾਨਫਰੰਸ' ਦੀ ਪਰਧਾਨ ਹੈ. ਨੇ ਦਿੱਤੀ : ਆਂਧਰਾ ਦਾ ਮੁੱਖ ਮੰਤਰੀ ਉਸ ਵੇਲੇ ਦਿੱਲੀ ਵਿਚ ਆਪਣੀ ਗੱਦੀ ਬਚਾਉਣ ਦੀ ਫ਼ਿਕਰ ਵਿਚ ਰੁੱਝਿਆ ਹੋਇਆ ਸੀ ਤੇ ਉਹਨੇ ਫੌਰਨ ਆਂਧਰਾ ਮੁੜਨਾ ਜ਼ਰੂਰੀ ਨਹੀਂ ਸਮਝਿਆ। ਇਕ ਪੱਤਰ-ਪ੍ਰੇਰਕ ਵਲੋਂ ਇਹ ਸੁਆਲ ਪੁੱਛੇ ਜਾਣ 'ਤੇ ਕਿ—"19 ਨਵੰਬਰ ਨੂੰ ਤੂਫ਼ਾਨ ਦੇ ਦੜ ਆਉਣ ਤੋਂ ਪਿੱਛੋਂ ਕਿਹੜੀ ਗੱਲ ਨੇ ਤੁਹਾਨੂੰ ਨਵੀਂ ਦਿੱਲੀ 'ਚ ਰੋਕੀ ਰਖਿਆ?" ਮੁੱਖ ਮੰਤਰੀ ਨੇ ਬੜੀ ਢੀਠਤਾਈ ਨਾਲ ਜੁਆਬ ਦਿੱਤਾ—"ਸਾਨੂੰ ਨਹੀਂ ਸੀ ਪਤਾ ਕਿ ਇੰਨੀ ਭਿਅੰਕਰ ਤਬਾਹੀ ਹੋਣ ਵਾਲੀ ਹੈ।" ਭਾਵ, ਜੇ ਇਸ ਤੋਂ ਘੱਟ ਤਬਾਹੀ ਹੁੰਦੀ, ਤਾਂ ਕੋਈ ਖਾਸ ਗੱਲ ਨਹੀਂ ਸੀ! ਗੱਲ ਸਿਰਫ਼ ਆਂਧਰਾ ਸਰਕਾਰ ਦੀ ਹੀ ਨਹੀਂ ਕੇਂਦਰੀ ਗ੍ਰਹਿ ਮੰਤਰੀ ਚੌਧਰੀ ਚਰਨ ਸਿੰਘ ਖੁਦ ਵੀਹ ਨਵੰਬਰ ਨੂੰ ਹੈਦਰਾਬਾਦ ਵਿਚ ਸੀ ਤੇ ਜਦ ਉਸਨੂੰ ਤੂਫਾਨ ਦੀ ਤਬਾਹੀ ਸੰਬੰਧੀ ਸਵਾਲ ਕੀਤਾ ਗਿਆ ਤਾਂ ਉਸਨੇ ਕਿਹਾ ਕਿ ਇਹ ਰਾਜ ਸਰਕਾਰ ਦਾ ਮਾਮਲਾ ਹੈ. ਸਾਡਾ ਇਸ ਨਾਲ ਸੰਬੰਧ ਨਹੀਂ ਹੈ। ਬਾਅਦ ਵਿਚ ਰਾਸ਼ਟਰਪਤੀ ਤੇ ਪਰਧਾਨ ਮੰਤਰੀ ਤੋਂ ਲੈ ਕੇ ਹੋਰ ਅਨੇਕਾਂ ਮੰਤਰੀ ਦੌਰੇ ਲਈ ਭੱਜੇ. ਪਰ ਗ੍ਰਹਿ ਮੰਤਰੀ ਨੇ ਉਸ ਦਿਨ ਉਥੇ ਹੁੰਦੇ ਹੋਏ ਵੀ ਉਸ ਇਲਾਕੇ ਦਾ ਦੌਰਾ ਕਰਨਾ ਜ਼ਰੂਰੀ ਨਹੀਂ ਸਮਝਿਆ।

ਅਪਣੀ ਜ਼ੁੰਮੇਵਾਰੀ ਤੋਂ ਬਚਣ ਦੀ ਕੋਸ਼ਿਸ਼ ਵਿੱਚ ਮੁੱਖ ਮੰਤਰੀ ਨੇ 23 ਨਵੰਬਰ ਨੂੰ ਅਪਣੇ ਬਿਆਨ 'ਚ 'ਦਲੀਲ' ਦਿੱਤੀ ਕਿ ਕੋਈ ਵੀ ਸਰਕਾਰ, ਭਾਵੇਂ ਕਿੰਨੀ ਵੀ ਤਾਕਤਵਾਰ ਹੋਵੇ, ਇੰਨੇ ਥੋੜੇ ਸਮੇਂ 'ਚ ਲੋਕਾਂ ਨੂੰ ਸੁਰੱਖਿਅਤ ਇਲਾਕਿਆ ਵਿਚ ਨਹੀਂ ਪੁਚਾ ਸਕਦੀ ਸੀ। ਪਰ ਜੇ ਸੰਜੇ ਗਾਂਧੀ ਦਾ ਲੋਕਾਂ ਦੀ ਜਬਰੀ ਨਸਬੰਦੀ ਦਾ ਜਾਂ ਮਕਾਨ ਢਾਉਣ ਦਾ ਹੁਕਮ ਹੋਵੇ ਜਾਂ ਸਰਕਾਰ ਦਾ ਨਕਸਲਬਾੜੀਆ ਨੂੰ ਕੁਚਲਣ ਦਾ ਹੁਕਮ ਹੋਵੇ ਤਾਂ ਮਾੜੇ ਤੋਂ ਮਾੜੇ ਇਲਾਕਿਆਂ ਵਿਚ ਕੁਝ ਘੰਟਿਆਂ ਵਿਚ ਇਹ ਕੰਮ ਸਰਕਾਰ ਕਰ ਸਕਦੀ ਸੀ ਤੇ ਕਰਦੀ ਰਹੀ ਹੈ ਪਰ ਜਿਥੇ ਲੱਖਾਂ ਲੋਕਾਂ ਦੀ ਜ਼ਿੰਦਗੀ ਬਚਾਉਣ ਦਾ ਸਵਾਲ ਸੀ, ਉਥੇ ਨਾਂ ਫੌਜ ਦੀ ਮਦਦ ਲਈ ਗਈ, ਨਾ ਪੁਲਸ ਦੀ!

ਸਰਕਾਰ ਦੀ ਪਹਿਲੀ ਗੁਨਾਹਕੁੰਨ ਲਾ-ਪਰਵਾਹੀ ਲੋਕਾਂ ਨੂੰ ਵੇਲੇ ਸਿਰ ਸੂਚਨਾ ਨਾਂ ਦੇਣ ਅਤੇ ਉਹਨਾਂ ਨੂੰ ਬਚਾਉਣ ਲਈ ਕਈ ਇੰਤਜ਼ਾਮ ਨਾਂ ਕਰਨ ਵਿਚ ਹੈ ਤੇ

ਇਸ ਨਾਲ ਉਹ ਹਜ਼ਾਰਾਂ ਲੋਕਾਂ ਦੀ ਕਾਤਲ ਵੀ ਸਮਝੀ ਜਾਣੀ ਚਾਹੀਦੀ ਹੈ।

## 19 ਨਵੰਬਰ ਦੀ ਭਿਆਨਕ ਰਾਤ

ਉੱਨੀ ਨਵੰਬਰ ਦੀ ਸਵੇਰੇ ਨੂੰ ਪਿੰਡਾਂ ਦੇ ਲੋਕ ਅਤੇ ਮੱਛੀਆਂ ਫੜਨ ਵਾਲੇ ਰੋਜ਼ ਵਾਂਗ ਆਪਣੇ ਆਪਣੇ ਕੰਮਾਂ 'ਤੇ ਗਏ ਕਿਉਂਕਿ ਉਨ੍ਹਾਂ ਵਿਚਾਰਿਆਂ ਨੇ ਆਕਾਸ਼ਵਾਣੀ ਤੋਂ ਹੋਣ ਵਾਲੀ ਐਲਾਨ ਕਦੇ ਨਹੀਂ ਸੀ ਸੁਣੇ ਤੇ ਕਿਸੇ ਸਰਕਾਰੀ ਅਦਾਰੇ ਨੇ ਉਨ੍ਹਾਂ ਨੂੰ ਮੌਤ ਦੇ ਮੂੰਹ 'ਚ ਜਾਣ ਤੋਂ ਰੋਕਣ ਲਈ ਕੋਈ ਯਤਨ ਨਹੀਂ ਸੀ ਕੀਤਾ। ਤੇ ਤੂਫ਼ਾਨੀ ਕਾਂਗ ਨੇ ਤਾਂ ਚੜ੍ਹ ਕੇ ਆਉਣਾ ਹੀ ਸੀ, ਜਿਸਦੀ ਲੰਬਾਈ ਪੰਜਾਹ ਮੀਲ, ਚੌੜਾਈ ਦਸ ਮੀਲ ਅਤੇ ਉਚਾਈ 19 ਫੁੱਟ ਸੀ ਤੇ ਇਸ ਲਹਿਰ ਨੇ 2-3 ਘੰਟੇ ਤੱਕ ਏਸ ਸਾਰੇ ਇਲਾਕੇ ਵਿਚ ਆਪਣਾ ਤਾਂਡਵ ਨਾਚ ਨੱਚਿਆ ਤੇ ਇਸ ਭਿਆਨਕ ਨਾਚ ਨੇ ਲੱਖਾਂ ਲੋਕਾਂ ਦੀ ਜ਼ਿੰਦਗੀ ਨੂੰ ਅਜਿਹੇ ਢੰਗ ਕਈ ਸਾਲਾਂ ਲਈ ਬਰਬਾਦ ਕਰ ਦਿੱਤਾ।

100 ਤੋਂ 150 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲਣ ਵਾਲੀ ਇਸ ਸਮੁੰਦਰੀ ਛੱਲ ਦੀ ਮਾਰ ਹੇਠ ਮੁੱਖ ਤੌਰ 'ਤੇ ਤਿੰਨ ਜ਼ਿਲ੍ਹੇ—ਕ੍ਰਿਸ਼ਨਾ, ਗੁੰਟੂਰ ਤੇ ਪ੍ਰਕਾਸ਼ਮ ਆਏ। ਜੋ ਕੁਝ ਵੀ ਇਸਦੇ ਰਾਹ 'ਚ ਆਇਆ, ਇਹ ਮਲੀਆਮੇਟ ਕਰਦੀ ਗਈ। ਟੈਲੀਫੂਨਾਂ ਦੇ ਖੰਭੇ ਇਸਨੇ ਚਾਕੂ ਵਾਂਗ ਇਕੱਠੇ ਕਰ ਦਿਤੇ; ਦਸ ਦਸ ਫੁੱਟ ਵਿਆਸ ਦੇ ਤਣਿਆਂ ਵਾਲੇ ਭਾਰੇ ਦਰਖਤ ਜੜ੍ਹੋਂ ਪੁੱਟ ਕੇ ਵਗਾਹ ਮਾਰੇ; ਮੱਛੀਆਂ ਫੜਨ ਵਾਲੀਆਂ ਕਿਸ਼ਤੀਆਂ ਸਮੁੰਦਰੀ ਤੱਟ ਤੋਂ ਪੰਜ ਪੰਜ ਕਿਲੋ-ਮੀਟਰ ਅੰਦਰ ਧਰਤੀ 'ਤੇ ਜਾ ਸੁੱਟੀਆਂ; ਗੱਡੀਆਂ ਦੇ ਡੱਬੇ ਤੱਕ ਉਲਟਾ ਦਿੱਤੇ। ਇਸ ਤੋਂ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ ਕਿ ਮਨੁੱਖਾਂ, ਪਸ਼ੂਆਂ, ਗਰੀਬਾਂ ਦੀਆਂ ਝੁੱਗੀਆਂ ਤੇ ਫਸਲਾਂ ਆਦਿ ਨਾਲ ਕੀ ਬੀਤਿਆ ਹੋਵੇਗਾ। ਤੱਟ ਨੇੜਲੇ 29 ਪਿੰਡਾਂ ਨੂੰ ਤਾਂ ਸਮੁੰਦਰ ਨਿਗਲ ਹੀ ਗਿਆ ਤੇ 22 ਪਿੰਡਾਂ ਅੰਦਰ 80% ਤੋਂ ਵਧ ਅਬਾਦੀ ਤਬਾਹ ਹੋ ਗਈ। ਕ੍ਰਿਸ਼ਨਾ ਜ਼ਿਲ੍ਹੇ ਦੇ ਦਿਵੀ ਸੀਮਾਂ ਤਾਲੁਕ ਦੇ ਬਾਕੀ ਰਹਿੰਦੇ 300 ਪਿੰਡਾਂ ਦੀ ਇਕ ਵੀ ਝੌਂਪੜੀ ਸਲਾਮਤ ਨਹੀਂ ਰਹਿ ਸਕੀ। ਜੇ ਕੋਈ, ਤੇਜ਼ ਹਨੇਰੀ ਦੁਆਰਾ ਇਕ ਮਾਂ ਦੀ ਬੁੱਕਲ 'ਚੋਂ ਉਸ ਦੇ ਬੱਚੇ ਨੂੰ ਉਡਾ ਲਿਜਾਣ ਦੀ ਦਰਦਨਾਕ ਵਾਰਤਾ ਸੁਣਦਾ ਹੈ, ਤਾਂ ਉਸਦੇ ਰੌਂਗਟੇ ਖੜੇ ਹੋ ਜਾਂਦੇ ਹਨ। ਦਿਵੀਸੀਮਾ ਦੀ ਪੇਂਡੂ ਨਿਰਧਨ ਸਭਾ ਦੇ ਸਕੱਤਰ, ਮੰਡਲੀਆ ਵਲੋਂ 22 ਨਵੰਬਰ ਨੂੰ ਭੇਜਿਆ ਅੱਖੀਂ ਡਿੱਠਾ ਹਾਲ ਇਸ ਤਰ੍ਹਾਂ ਹੈ:—

> "ਚੌਹੀਂ ਪਾਸੀਂ ਲਾਸ਼ਾਂ ਤੈਰ ਰਹੀਆਂ ਹਨ, ਕਈ ਲਾਸ਼ਾਂ ਨੂੰ, ਪਿੱਛੇ ਹਟਦੀਆਂ ਲਹਿਰਾਂ ਸਮੁੰਦਰ ਵਿਚ ਰੋੜ੍ਹ ਕੇ ਲੈ ਗਈਆਂ ਹਨ। ..... ਪਸ਼ੂਆਂ ਦਾ ਨੁਕਸਾਨ ਲੱਖਾਂ ਵਿਚ ਹੈ... ਲੋਕ ਇਕ [illegible] ਪਾਣੀ ਪੀਣ ਲਈ ਮਜਬੂਰ ਹਨ. [illegible] ਭਟਕਦੇ ਫਿਰ ਰਹੀਆਂ ਹਨ......"

ਅਜੇ ਤਕ ਕੁੱਲ ਨੁਕਸਾਨ ਦਾ ਸਹੀ ਅੰਦਾਜ਼ਾ ਨਹੀਂ ਲਗ ਸਕਿਆ। ਲੋਕ-ਰਾਜ ਦੇ ਰਾਹੀਂ ਸਰਕਾਰੀ ਅੰਕੜੇ ਅਸਲੀਅਤ ਨੂੰ ਬਹੁਤ ਘਟਾ ਕੇ ਦੱਸ ਰਹੇ ਹਨ। ਇਨ੍ਹਾਂ ਮੁਤਾਬਕ ਮਨੁੱਖੀ ਮੌਤਾਂ ਸਿਰਫ਼ 8000 ਦੇ ਲਗਭਗ ਹਨ। ਇਹ ਅੰਕੜੇ ਸਿਰਫ਼ ਹਾਸਲ ਹੋਈਆਂ ਲਾਸ਼ਾਂ ਦੀ ਗਿਣਤੀ ਦਸਦੇ ਹਨ। ਪਰ ਵੱਖ ਵੱਖ ਵਸੀਲਿਆਂ ਤੋਂ ਹਾਸਲ ਹੋਈਆਂ ਸੂਚਨਾਵਾਂ ਮੁਤਾਬਕ ਕੁਲ ਨੁਕਸਾਨ ਦਾ ਅੰਦਾਜ਼ਾ ਇਸ ਤਰ੍ਹਾਂ ਹੈ:—

| | |
|---|---|
| ਮਨੁੱਖੀ ਮੌਤਾਂ : | 20000—30000 |
| ਫਸਲਾਂ ਦਾ ਨੁਕਸਾਨ : | 400—500 ਕਰੋੜ ਰੁ: |
| ਜਾਇਦਾਦ ਦਾ ਨੁਕਸਾਨ : | 500—600 ਕਰੋੜ ਰੁ: |
| ਪਸ਼ੂਆਂ ਦੀਆਂ ਮੌਤਾਂ : | 200000—300000 |

ਮੌਤਾਂ ਤੋਂ ਇਲਾਵਾ, ਕੁੱਲ ਨੁਕਸਾਨ ਦਾ ਅਨੁਮਾਨ 2000—3000 ਕਰੋੜ ਰੁ: ਹੈ। ਸਰਕਾਰੀ ਅੰਕੜਿਆਂ ਮੁਤਾਬਕ ਵੀ ਬੇਘਰ ਹੋਏ ਲੋਕਾਂ ਦੀ ਗਿਣਤੀ 30 ਲੱਖ ਤੋਂ ਵੱਧ ਹੈ। ਇਸ ਤੋਂ ਬਿਨਾ, ਕੁਝ ਇਲਾਕੇ ਦੋ ਤਿੰਨ ਸਾਲ ਵਾਹੀ ਯੋਗ ਨਹੀਂ ਹੋ ਸਕਣਗੇ।

## ਤੂਫ਼ਾਨ ਦੀ ਰਾਤ ਤੋਂ ਬਾਅਦ

ਗੁੰਟੂਰ ਤੇ ਪ੍ਰਕਾਸ਼ਮ ਜ਼ਿਲ੍ਹੇ ਵਿਚ ਭਾਵੇਂ ਕੁਝ ਸਰਕਾਰੀ ਟੀਮਾਂ ਵੀਹ ਇੱਕੀ ਨਵੰਬਰ ਤੱਕ ਪਹੁੰਚੀਆਂ ਤੇ ਕੁਝ ਮੁੱਢਲੀ ਸਹਾਇਤਾ ਉਹਨਾਂ ਪਹੁੰਚਾਉਣੀ ਸ਼ੁਰੂ ਕੀਤੀ, ਪਰ ਕ੍ਰਿਸ਼ਨਾ ਜ਼ਿਲ੍ਹੇ ਵਿਚ— ਜਿਥੇ ਸਭ ਤੋਂ ਵੱਧ ਖੌਫ਼ਨਾਕ ਨੁਕਸਾਨ ਹੋਇਆ ਉਥੇ ਏਨਾ ਕੁਝ ਵੀ ਨਹੀਂ ਹੋਇਆ। ਸਰਕਾਰੀ ਅਫਸਰ ਤੇ ਵਜ਼ੀਰ ਦਿਵੀ ਤਾਲੁਕੇ ਦੇ ਹੈਡਕੁਆਟਰ ਅਵਨੀਗੱਡਾ ਤਕ ਹੀ ਪਹੁੰਚੇ ਤੇ ਉੱਨੀ ਤੋਂ ਚੌਵੀ ਨਵੰਬਰ ਤਕ ਅੰਦਰਲੇ ਪਿੰਡਾਂ ਵਿਚ ਕੋਈ ਵੀ ਜ਼ਿੰਮੇਵਾਰ ਸਰਕਾਰੀ ਆਦਮੀ ਦਾਖਲ ਨਹੀਂ ਹੋਇਆ। ਏਹਨੀ ਦਿਨੀਂ ਲਾਸ਼ਾਂ ਉਸੇ ਤਰ੍ਹਾਂ ਰੁਲਦੀਆਂ ਤੇ ਸੜਦੀਆਂ ਰਹੀਆਂ—ਸਾਰੇ ਰਾਹ ਲਾਸ਼ਾਂ ਨਾਲ ਭਰੇ ਸਨ, ਸਾਰਾ ਮਹੌਲ ਲਾਸ਼ਾਂ ਦੀ ਬਦਬੂ ਨਾਲ ਭਰਿਆ ਪਿਆ ਸੀ ਤੇ ਸ਼ਾਨਦਾਰ ਸਰਕਾਰੀ ਬੰਗਲਿਆਂ ਵਿਚ ਰਹਿਣ ਵਾਲੇ ਵਜ਼ੀਰ ਤੇ ਅਫਸਰ ਵਿਚਾਰੇ ਕਿਵੇਂ ਅਜਿਹੀ ਹਾਲਤ ਵਿਚ ਪੈਰ ਅੱਗੇ ਵਧਾਉਣ! ਆਂਧਰਾ ਸਰਕਾਰ ਨੇ ਲਾਸ਼ਾਂ ਦਫਨਾਉਣ ਲਈ ਫੌਜ ਦੀ ਮਦਦ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਜਦ ਥੁੱਕਿਆ ਚੱਟ ਕੇ ਮਦਦ ਮੰਗੀ ਤਾਂ ਜਗਜੀਵਨ ਰਾਮ ਨੇ ਮਾਂਹ ਦੇ ਆਟੇ ਵਾਂਗੂ ਆਕੜ ਕੇ ਚਿੱਟਾ ਜਵਾਬ ਦੇ ਦਿੱਤਾ ਕਿ ਫੌਜ ਲਾਸ਼ਾਂ ਕਿਉਂ ਦਫਨਾਵੇ—ਪੁਲਸ ਕਿਉਂ ਨਹੀਂ ਦਫਨਾਉਂਦੀ? ਅਖੀਰ ਨੂੰ ਨਾਂ ਫੌਜ ਆਈ ਨਾਂ ਪੁਲਸ। ਹਰ ਲਾਸ਼ ਦਫਨਾਉਣ ਪਿਛੇ ਤੀਹ ਰੁਪਏ ਮਜ਼ਦੂਰੀ ਦੇ ਕੇ ਮਜ਼ਦੂਰਾਂ ਤੋਂ ਇਹ ਕੰਮ ਕਰਵਾਉਣਾ ਸ਼ੁਰੂ ਕੀਤਾ ਗਿਆ ਤੇ ਇਸ ਤੀਹ ਰੁਪਏ ਵਿਚੋਂ ਵੀ ਅਫਸਰਾਂ ਤੇ ਵਿਚੋਲਿਆਂ ਨੇ ਗੱਫੇ ਛਕੇ। ਪੱਚੀ-ਛੱਬੀ ਨਵੰਬਰ ਤੋਂ ਬਾਅਦ ਜਦ ਵਲੰਟੀਅਰ ਟੀਮਾਂ ਅੰਦਰੂਨੀ ਇਲਾਕੇ ਵਿਚ ਦਾਖਲ ਹੋਈਆਂ ਤਾਂ ਉਹਨਾਂ ਨੇ ਕਈ ਦਿਨ ਤੱਕ ਲਾਸ਼ਾਂ ਦਫ਼ਨ ਕਰਨ ਦਾ ਕੰਮ ਕੀਤਾ। ਇਸ ਦੌਰਾਨ ਪਿੰਡਾਂ ਵਿਚ ਜੋ ਲੋਕ ਬਚ ਗਏ ਸਨ, ਨਾਂ ਤਾਂ ਉਹਨਾਂ ਨੂੰ ਉਥੋਂ ਕੱਢਣ ਦਾ ਪਰਬੰਧ ਹੀ ਕੀਤਾ ਗਿਆ ਅਤੇ ਨਾ ਹੀ ਮਹਾਂਮਾਰੀਆਂ ਨੂੰ ਰੋਕਣ ਲਈ ਟੀਕੇ ਅਤੇ ਹੋਰ ਜ਼ਰੂਰੀ ਦਵਾਈਆਂ ਦੇ ਕੇ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ।

ਸਰਕਾਰ ਦਾ ਦੂਜਾ ਨਾਂ-ਕਾਬਲੇ-ਮੁਆਫ਼ ਗੁਨਾਹ ਉੱਨੀ ਤੋਂ ਚੌਵੀ ਨਵੰਬਰ ਤਕ ਹੱਦ ਦਰਜੇ ਦਾ ਗੈਰ-

**ਮਨੁੱਖੀ ਰਵੱਈਆ ਦਿਖਾ ਕੇ ਬਚੇ ਲੋਕਾਂ ਦੀ ਜਾਨ ਨਾ ਬਚਾਉਣ ਦੀ ਕੋਝੀ ਹਰਕਤ ਹੈ ।** ਅਤੇ ਜੇ ਕੁਝ ਲੋਕ-ਹਿਤੂ ਜਥੇਬੰਦੀਆਂ ਤੇ ਕੁਝ ਲੋਕ ਹਿਤੂ ਡਾਕਟਰ ਇਸ ਸਮੇਂ ਵਿਚ ਖਤਰਾ ਮੁੱਲ ਲੈ ਕੇ ਵੀ ਦਖਲ ਨਾ ਦਿੰਦੇ ਤਾਂ ਕਈ ਹਜ਼ਾਰ ਜਾਨਾਂ ਹੋਰ ਜਾਣ ਦਾ ਖਤਰਾ ਸੀ ।

## ਲੋਕ-ਹਿਤੂ ਜਥੇਬੰਦੀਆਂ ਦਾ ਸ਼ਲਾਘਾਯੋਗ ਉੱਦਮ

ਕੁਦਰਤ ਦੀ ਇਸ ਭਿਆਨਕ ਪਰਕੋਪੀ ਦੇ ਸ਼ਿਕਾਰ ਆਪਣੇ ਹਮਵਤਨਾਂ ਦੀ ਮਦਦ ਲਈ ਸਭ ਤੋਂ ਪਹਿਲਾਂ ਕੁਝ-ਅੰਡਰ ਗਰਾਊਂਡ (ਮਫਰੂਰ) ਕਮਿਊਨਿਸਟ ਇਨਕਲਾਬੀ ਸਾਹਮਣੇ ਆਏ । ਦੱਖਣ ਦੇ ਸਭ ਤੋਂ ਪਰਸਿੱਧ ਅਖਬਾਰ ਹਿੰਦੂ ਦੀ ਦਸ ਦਸੰਬਰ ਦੀ ਇਕ ਰਿਪੋਰਟ ਅਨੁਸਾਰ **ਚੇਲਾਪਲੀ ਸ੍ਰੀ ਨਿਵਾਸਾ ਰਾਓ,** ਜੋ ਡਿੰਟੀਮਿਰਕਾ ਪਿੰਡ ਦੇ ਹਨ, ਕੋਡੂਰੂ ਪੰਚਾਇਤ ਦੇ ਸਰਪੰਚ ਤੇ ਪੰਚਾਇਤ ਸੰਮਤੀ ਦੇ ਮੀਤ-ਪਰਧਾਨ ਰਹਿ ਚੁੱਕੇ ਹਨ ਤੇ ਜਿਹਨਾਂ ਨੇ 1968 ਵਿਚ ਇਹਨਾਂ ਅਦਾਰਿਆਂ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਜਿਹਨਾਂ ਨੂੰ **ਸਵਰਗੀ ਤਰਿਮਲਾ ਨਾਗੀ ਰੈੱਡੀ** ਦੇ ਨਾਲ ਚਾਰ ਸਾਲਾਂ ਦੀ ਸਜ਼ਾ ਹੋਈ ਹੈ ਤੇ ਇਸ ਵੇਲੇ ਅੰਡਰਗਰਾਊਂਡ ਹਨ—ਨੇ ਆਪਣੇ ਸਾਥੀਆਂ ਨਾਲ ਸਭ ਤੋਂ ਪਹਿਲਾਂ ਸਾਰੇ ਇਲਾਕੇ ਦਾ ਦੌਰਾ ਕੀਤਾ । ਉਹਨਾਂ ਦੇ ਆਪਣੇ ਘੇਰੂ ਵਿਚ ਲਗਭਗ 150 ਤੋਂ ਵੱਧ ਲੋਕਾਂ ਦੀ ਜਾਨ ਬਚਾਈ ਗਈ ਅਤੇ ਹਰ ਪਿੰਡ ਵਿਚ ਜਿਥੇ ਉਹਨਾਂ ਦੇ ਸਾਥੀ ਸਨ, ਉਹਨਾਂ ਨੇ ਆਪਣੇ ਟੱਬਰ-ਟੀਰ ਦੀ ਪਰਵਾਹ ਨਾ ਕਰਕੇ ਆਮ ਲੋਕਾਂ ਦੇ ਟੱਬਰ-ਟੀਰਾਂ ਨੂੰ ਬਚਾਇਆ । ਉਹਨਾਂ ਵਿਚੋਂ ਕਈਆਂ ਦੀ ਮੌਤ ਹੋਈ, ਕਈਆਂ ਦੇ ਟੱਬਰ ਕੁਰਬਾਨ ਹੋ ਗਏ, ਪਰ ਉਹ ਪਿੱਛੇ ਨਹੀਂ ਹਟੇ ਅਤੇ ਬਾਅਦ ਵਿਚ ਇਲਾਕੇ ਦੇ ਕਾਂਗਰਸੀ ਉਹਨਾਂ ਨਾਲ ਅਜਿਹੇ ਭੱਦੇ ਮਜ਼ਾਕ ਕਰਦੇ ਰਹੇ—'ਵੱਡੇ ਲੋਕਾਂ ਦੇ ਹਮਦਰਦ, ਆਪਣੇ ਟੱਬਰ ਨੂੰ ਬਚਾਇਆ ਨਹੀਂ, ਲੋਕਾਂ ਨੂੰ ਬਚਾਉਣ ਵਿਚ ਲੱਗੇ ਰਹੇ ।' ਸ੍ਰੀ ਰਾਓ ਤੇ ਉਹਨਾਂ ਦੇ ਸਾਥੀ ਹੀ ਇਸ ਇਲਾਕੇ ਵਿਚ ਵਾਰੰਗਲ ਤੋਂ ਲੋਕ-ਹਿਤੂ ਡਾਕਟਰਾਂ ਦੀ ਪਹਿਲੀ ਟੀਮ ਨੂੰ ਲੈ ਕੇ ਦਾਖਲ ਹੋਏ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਮਹਾਂਮਾਰੀਆਂ ਦੇ ਖ਼ਿਲਾਫ਼ ਟੀਕੇ ਲਵਾਏ, ਪਾਣੀ ਨੂੰ ਜਰਮ-ਰਹਿਤ ਬਣਾਉਣ ਲਈ ਦੁਆਈਆਂ ਪੁਆਈਆਂ । ਸ੍ਰੀ ਰਾਓ ਦੇ ਇਸ ਕੰਮ ਨੂੰ ਦੇਖ ਕੇ ਸਾਬਕਾ ਕੇਂਦਰੀ ਮੰਤਰੀ ਕੇ. ਵੀ. ਰਘੂਨਾਥ ਰੈੱਡੀ ਇੰਨੇ ਪ੍ਰਭਾਵਤ ਹੋਏ ਕਿ ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਸ੍ਰੀ ਰਾਓ ਆਦਿ ਦੀਆਂ ਸਜ਼ਾਵਾਂ ਫੌਰਨ ਰੱਦ ਕਰਕੇ, ਉਹਨੂੰ ਤੇ ਉਹਨਾਂ ਦੇ ਸਾਥੀਆਂ ਨੂੰ ਇਸ ਕੌਮੀ ਤਬਾਹੀ ਦੇ ਸਮੇਂ ਵਿਚ ਖੁਲ੍ਹ ਕੇ ਕੰਮ ਕਰਨ ਦਿੱਤਾ ਜਾਵੇ । ਪਰ ਸ੍ਰੀ ਰੈੱਡੀ ਦੀ ਅਪੀਲ ਤੋਂ ਬਿਨਾਂ ਹੀ ਸ੍ਰੀ ਰਾਓ ਤੇ ਉਹਨਾਂ ਦੇ ਸਾਥੀ ਸਾਰੇ ਇਲਾਕੇ ਵਿਚ ਖੁਲ੍ਹੇ ਆਮ ਘੁੰਮ ਕੇ ਸਾਰੇ ਸਹਾਇਤਾ ਕੰਮਾਂ ਦੀ ਦੇਖਭਾਲ ਕਰਦੇ ਰਹੇ ਹਨ ਤੇ ਕੁਝ ਈਮਾਨਦਾਰ ਤੇ ਮਨੁੱਖੀ ਭਾਵਨਾਵਾਂ ਵਾਲੇ ਅਫ਼ਸਰ ਵੀ ਉਹਨਾਂ ਨੂੰ ਜਿੱਥੇ ਮਿਲਦੇ ਹਨ, ਹਮੇਸ਼ਾ ਆਦਰ ਭਾਵ ਨਾਲ ਹੀ ਮਿਲਦੇ ਹਨ ।

## ਸਹਾਇਤਾ ਕਾਰਜ ਤੇ ਸਰਕਾਰੀ ਰਵੱਈਆ

ਤੂਫਾਨ ਤੋਂ ਬਾਅਦ ਸਹਾਇਤਾ ਕਾਰਜਾਂ ਵਿਚ ਸਭ ਤੋਂ ਪਹਿਲੀਆਂ ਲੋੜਾਂ—ਲਾਸ਼ਾਂ ਦਫਨਾਉਣਾ, ਫਿਰ ਮਹਾਂਮਾਰੀਆਂ ਤੋਂ ਬਚਾਉਣ ਲਈ ਬਚਾਅ-ਟੀਕੇ ਲਾਉਣਾ, ਪਾਣੀ ਵਿਚ ਦਵਾਈਆਂ ਆਦਿ ਪਾਉਣਾ, ਉਸ ਤੋਂ ਬਾਅਦ ਪਿੰਡਾਂ ਤੋਂ ਉੱਜੜੇ ਤੇ ਤਬਾਹ ਹੋਏ ਲੋਕਾਂ ਨੂੰ ਮੁੜ ਵਸਾਉਣਾ, ਉਹਨਾਂ ਦੀ ਆਰਥਕ ਮੁੜ-ਬਹਾਲੀ ਕਰਨਾ ਆਦਿ ਫੌਰੀ ਕੰਮਾਂ ਵਿਚ ਸ਼ਾਮਲ ਹਨ ਤੇ ਲੰਬੇ ਸਮੇਂ ਤੋਂ ਹਰ ਸਾਲ ਆਉਣ ਵਾਲੇ ਹੜ੍ਹਾਂ ਤੇ ਤੂਫਾਨਾਂ ਤੋਂ ਬਚਾ ਕਰਨ ਲਈ ਸਮੁੰਦਰ ਵਿਚ 'ਜਵਾਰ-ਭਾਟਾ-ਧੁੱਸੀਆ', (Tidal Banks) ਆਦਿ ਉਸਾਰਨਾ ਅਤੇ ਪਿੰਡਾਂ ਵਿਚ ਪੱਕੇ ਬਚਾਅ-ਘਰ (Shelter Houses) ਆਦਿ ਉਸਾਰਨਾ ਅਗਲੇ ਕੰਮਾਂ 'ਚ ਸ਼ਾਮਲ ਹਨ ।

ਪੱਚੀ ਨਵੰਬਰ ਤੋਂ ਪਹਿਲਾਂ ਜਿੰਨੇ ਡਾਕਟਰ ਆਪਣੇ-ਆਪ ਮਨੁੱਖੀ ਹਮਦਰਦੀ ਕਾਰਨ ਆਏ, ਉਹਨਾਂ ਨੂੰ ਸਰਕਾਰੀ ਅਫਸਰ, ਸਾਰੇ ਇਲਾਕੇ ਨੂੰ 'ਵਰਜਿਤ ਇਲਾਕਾ' (Prohibited Area) ਕਹਿ ਕੇ ਦਾਖਲ ਹੋਣੋਂ ਰੋਕਦੇ ਰਹੇ; ਇਥੋਂ ਤਕ ਕਿ ਵਿਜੈਵਾੜਾ ਤੋਂ ਆਈ ਸਰਕਾਰੀ ਡਾਕਟਰਾਂ ਦੀ ਇਕ ਟੋਲੀ ਨੂੰ ਅਫ਼ਸਰਾਂ ਨੇ ਨਾਂ ਰਹਿਣ ਦੀ, ਨਾਂ ਖਾਣ ਦੀ, ਨਾਂ ਜੀਪ ਆਦਿ ਦੀ ਸਹੂਲਤ ਮੁਹੱਈਆ ਕੀਤੀ, ਸਗੋਂ ਉਹਨਾਂ ਨੂੰ ਵਾਪਸ ਜਾਣ 'ਤੇ ਮਜ਼ਬੂਰ ਕੀਤਾ । ਸਿਰਫ਼ ਉਹੋ ਡਾਕਟਰ ਅੰਦਰੂਨੀ ਪਿੰਡਾਂ ਵਿਚ ਗਏ, ਜਿਹਨਾਂ ਸਰਕਾਰੀ ਨਸੀਹਤਾਂ 'ਤੇ ਅਮਲ ਨਾਂ ਕਰਕੇ, ਆਪ ਪਹਿਲ ਕੀਤੀ ਤੇ ਕੁਝ ਲੋਕ-ਦਰਦੀ ਜਥੇਬੰਦੀਆਂ— **ਓ. ਪੀ. ਡੀ. ਆਰ. (ਜਮਹੂਰੀ ਹੱਕਾਂ ਦੀ ਰਾਖੀ ਲਈ ਜ਼ਥੇਬੰਦੀ)**—ਆਦਿ ਦੀ ਮਦਦ ਲਈ ।

ਹੇਠ ਲਿਖੀਆਂ ਡਾਕਟਰੀ ਟੀਮਾਂ ਨੇ ਇਲਾਕੇ ਦੇ ਧੁਰ ਅੰਦਰ ਜਾਕੇ ਸ਼ਲਾਘਾ ਯੋਗ ਕੰਮ ਕੀਤਾ :—

ਵਿਜੈਵਾੜਾ ਤੋਂ ਪੰਜ ਡਾਕਟਰਾਂ ਦੀ ਟੀਮ, ਗੁੰਟਰ ਮੈਡੀਕਲ ਕਾਲਜ ਤੋਂ ਚਾਰ ਡਾਕਟਰਾਂ ਦੀ ਟੀਮ, ਜਿਨ੍ਹਾਂ ਦੇ ਕੰਮ ਵਿਚ 'ਭਾਰਤੀ ਕਮਿਊ: ਇਨਕਲਾਬੀਆਂ ਦੇ ਏਕਤਾ ਕੇਂਦਰ' (ਨਾਗੀ ਰੈਡੀ ਗਰੁਪ) ਨੇ ਮਦਦ ਕੀਤੀ, ਗਾਂਧੀ ਮੈਡੀਕਲ ਕਾਲਜ ਹੈਦਰਾਬਾਦ ਤੋਂ ਇਕ ਡਾਕਟਰੀ ਟੀਮ, **ਲੋਕ ਸ਼ਫਾਖਾਨਾ** ਦ ਡਾਕਟਰਾਂ ਦੀ ਟੀਮ **ਓ. ਪੀ. ਡੀ. ਆਰ.** ਦੇ ਡਾਕਟਰਾਂ ਦੀ ਇਕ ਟੀਮ ਜੋ 15000 ਰੁ: ਦੀਆਂ ਦਵਾਈਆਂ ਲੈ ਕੇ ਪਹੁੰਚੀ, ਨਾਗਪੁਰ ਤੋਂ ਕੁਝ ਡਾਕਟਰ ਜਿਨ੍ਹਾਂ ਨੇ **ਓ. ਪੀ, ਡੀ. ਆਰ.** ਦੀ ਟੀਮ ਨਾਲ ਕੰਮ ਕੀਤਾ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਟੀ ਤੋਂ ਇਕ ਟੀਮ ।

**ਓ.ਪੀ.ਡੀ.ਆਰ.** ਦੀ ਟੀਮ ਨੂੰ ਬਚਾਅ—ਦੁਆਈਆਂ ਦੀ ਸੰਸਥਾ ਦੇ ਡਾਇਰੈਕਟਰ ਨੇ ਭਰੋਸਾ ਦੁਆਇਆ ਤੇ ਨਾਲ ਹੀ ਇਕ ਚਿੱਠੀ ਦਿੱਤੀ ਕਿ ਤੁਹਾਨੂੰ ਵਿਜੈਵਾੜਾ ਦੇ ਸਰਕਾਰੀ ਹਸਪਤਾਲ 'ਚੋਂ (ਜੋ ਹੜ੍ਹ ਮਾਰੇ ਇਲਾਕੇ ਨੂੰ ਦੁਆਈਆਂ ਭੇਜਣ ਵਾਲਾ ਮੁੱਖ ਕੇਂਦਰ ਸੀ) ਦੁਆਈਆਂ ਮਿਲ ਜਾਣਗੀਆਂ, ਪਰ ਉਥੇ ਪਹੁੰਚਣ 'ਤੇ ਉਨ੍ਹਾਂ ਨੂੰ ਹਸਪਤਾਲ ਵਾਲਿਆਂ ਨੇ ਕੋਰਾ ਜਵਾਬ ਦੇ ਦਿੱਤਾ । **ਓ. ਪੀ. ਡੀ. ਆਰ.** ਨੇ ਦਖਲ ਦੇ ਕੇ ਦੁਆਈਆਂ ਸਪਲਾਈ ਕਰਵਾਉਣ ਲਈ ਕੇਂਦਰੀ ਸੇਹਤ

ਮੰਤਰੀ ਨੂੰ ਇਕ ਤਾਰ ਵੀ ਦਿੱਤੀ। ਪਰ ਸਰਕਾਰੀ ਲਾਲ-ਫੀਤਾ-ਸ਼ਾਹੀ ਅਜਿਹੇ ਦਰਦਨਾਕ ਮੌਕੇ ਵੀ ਨਾ ਟੁੱਟ ਸਕੀ, ਜਦੋਂ ਹਜ਼ਾਰਾਂ ਲੋਕਾਂ ਦੇ ਅਣਮੁੱਲੇ ਆਖਰੀ ਪਲਾਂ ਨੂੰ ਡਾਕਟਰੀ ਸਹਾਇਤਾ ਦੀ ਅੱਤ ਦੀ ਲੋੜ ਸੀ। ਓ. ਪੀ. ਡੀ. ਆਰ. ਨੇ ਆਪਣੇ ਬਿਆਨ ਵਿਚ ਦੋਸ਼ ਲਾਇਆ ਹੈ ਕਿ "ਕੇਂਦਰੀ ਸੇਹਤ ਮੰਤਰੀ ਵੱਲੋਂ ਡਾਕਟਰੀ ਸਹਾਇਤਾ ਲਈ ਲੋੜਵੰਦ ਹਜ਼ਾਰਾਂ ਲੋਕਾਂ ਵੱਲ ਧਿਆਨ ਦੇਣ ਦੀ ਥਾਂ ਸੂਬਾਈ ਸਰਕਾਰ ਦੀ 'ਨਾਂ ਖੇਡੀਏ, ਨਾਂ ਖੇਡਣ ਦੇਈਏ' ਵਾਲੀ ਨੀਤੀ ਦੀ ਪਿੱਠ ਠੋਕੀ ਗਈ।"

ਡਾਕਟਰੀ ਸਹਾਇਤਾ ਤੋਂ ਦੂਜੇ ਨੰਬਰ 'ਤੇ ਕੈਂਪਾਂ ਵਿਚ ਤੇ ਪਿੰਡਾਂ ਵਿਚ ਵਸੇ ਲੋਕਾਂ ਨੂੰ ਰੋਜ਼ਾਨਾ ਖਾਣ-ਪੀਣ ਦੀਆਂ ਤੇ ਨਿੱਤਵਰਤੋਂ ਦੀਆਂ ਚੀਜ਼ਾਂ—ਅੰਨ,ਕਪੜੇ ਆਦਿ ਵੰਡਣਾ ਸ਼ਾਮਲ ਸੀ। ਸਰਕਾਰ ਨੇ ਗੁੰਟੂਰ ਜ਼ਿਲੇ ਵਿਚ ਸਿਰਫ ਚਾਰ ਦਿਨਾਂ ਦਾ ਰਾਸ਼ਨ ਸਪਲਾਈ ਕੀਤਾ ਤੇ ਸੁਰਖ਼ਰੂ ਹੋ ਗਈ। ਉਸ ਤੋਂ ਬਾਅਦ, ਬਾਹਰੋਂ ਆਈਆਂ ਵਲੰਟੀਅਰ ਟੀਮਾਂ ਲੋਕਾਂ ਦੀ ਮਦਦ ਕਰਦੀਆਂ ਰਹੀਆਂ।

ਬਹੁਤ ਸਾਰੇ ਲੋਕਾਂ ਤਕ ਸਹਾਇਤਾ ਪਹੁੰਚੀ ਹੀ ਨਹੀਂ ਤੇ ਬਹੁਤ ਸਾਰੇ ਕੇਸਾਂ 'ਚ ਅਸਰ-ਰਸੂਖ ਵਾਲੇ ਬੰਦੇ ਦੂਹਰੀ ਤੀਹਰੀ ਮਦਦ ਲੈਂਦੇ ਰਹੇ। ਪਰ ਦਿਵੀ ਤਾਲੁੱਕੇ ਵਿਚ ਕੁਝ ਲੋਕ-ਹਿਤੂ ਸਿਆਸੀ ਤਾਕਤਾਂ ਸਰਗਰਮ ਹੋਣ ਕਾਰਨ ਅਜਿਹਾ ਭਰਿਸ਼ਟਾਚਾਰ ਘੱਟ ਤੋਂ ਘੱਟ ਹੋਇਆ।

ਉਂਜ ਤਾਂ ਸਹਾਇਤਾ ਕਾਰਜਾਂ ਲਈ ਪੂਰੇ ਮੁਲਕ ਤੇ ਮੁਲਕ ਤੋਂ ਬਾਹਰੋਂ ਪੰਜਾਹ ਤੋਂ ਵੀ ਵਧ ਟੀਮਾਂ ਆਈਆਂ, ਪਰ ਨਿਸਵਾਰਥ ਭਾਵਨਾ ਨਾਲ, ਲੋਕਾਂ ਨੂੰ ਆਪਣੇ ਲੋਕ ਸਮਝਕੇ, ਉਨ੍ਹਾਂ ਨਾਲ ਜੁੜਕੇ ਉਨ੍ਹਾਂ ਦਾ ਮੁੜ ਵਸੇਬਾ ਕਰਨ, ਉਨ੍ਹਾਂ ਅੰਦਰ ਸਵੈ—ਵਿਸ਼ਵਾਸ ਭਰਨ, ਸਹਾਇਤਾ ਨੂੰ ਤਰਸ ਜਾਂ ਖੈਰਾਤ ਨਾਂ ਸਮਝ ਕੇ ਕੌਮੀ ਸਰਮਾਏ ਵਿਚੋਂ ਉਨ੍ਹਾਂ ਦਾ ਹੱਕੀ ਹਿੱਸਾ ਮੰਨਵਾਉਣ ਦੀ ਭਾਵਨਾ ਨਾਲ ਕੰਮ ਕਰਨ ਵਾਲੀਆਂ ਟੀਮਾਂ ਦੀ ਗਿਣਤੀ ਬਹੁਤ ਘੱਟ ਹੈ। ਓ. ਪੀ. ਡੀ. ਆਰ., ਡੀ. ਐਸ. ਓ., ਪੇਂਡੂ ਨਿਰਧਨ ਸਭਾ ਦਿਵੀਸੀਮਾ, ਕਮਿਊ: ਇਨ: ਦਾ ਏਕਤਾ ਕੇਂਦਰ (ਮ. ਲ.) [ਨਾਗੀ ਰੈਡੀ ਗਰੁਪ] ਤੇ ਜੇ. ਐਨ. ਯੂ. ਦੀਆਂ ਟੀਮਾਂ ਇਸ ਸ਼ਰੇਣੀ ਵਿਚ ਆਉਂਦੀਆਂ ਹਨ। ਇਹ ਟੀਮਾਂ ਸਭ ਤੋਂ ਵਧ ਲਗਨ ਨਾਲ ਲੋਕਾਂ ਨੂੰ ਮੁੜ ਵਸਾਉਣ ਲਈ ਤਾਣ ਲਾ ਰਹੀਆਂ ਹਨ। ਬਾਕੀ ਟੀਮਾਂ ਆਪਣੇ ਸੌੜੇ ਸਿਆਸੀ ਹਿਤਾਂ ਨੂੰ ਪੂਰਨ ਦੀ ਗਰਜ਼ ਨਾਲ ਢਿੱਲੀਆਂ ਮੱਠੀਆਂ ਕਲ ਰਹੀਆਂ ਹਨ। ਕੇਅਰ ਤੇ ਕਾਸਾ ਆਦਿ ਤਾਂ ਆਪਣੇ ਸਾਮਰਾਜਵਾਦੀ ਪੰਜੇ ਫੈਲਾਉਣ ਦੇ ਮਕਸਦ ਨਾਲ ਏਥੇ ਆ ਧਮਕੀਆਂ ਹਨ। ਅਜਿਹੀ ਹਾਲਤ ਨੂੰ ਦੇਖਕੇ ਇਕ ਦਰਸ਼ਕ ਨੇ ਟਿੱਪਣੀ ਕੀਤੀ—'ਜਿਥੇ ਕਿਤੇ ਵੀ ਤਬਾਹੀ ਹੁੰਦੀ ਹੈ, ਉਥੇ ਹੀ ਗਿਦੜਾਂ ਆ ਜਾਂਦੀਆਂ ਹਨ।'

## ਸਰਕਾਰੀ 'ਸਹਾਇਤਾ' ਦਾ ਕੱਚਾ-ਚਿੱਠਾ

ਜਿਨ੍ਹਾਂ ਲੋਕਾਂ ਦੀ ਹੱਡ-ਭੰਨਵੀਂ ਮਿਹਨਤ ਨਾਲ ਪੈਦਾ ਕੀਤੀ ਧਨ-ਦੌਲਤ ਨਾਲ ਸਰਕਾਰੀ ਖਜ਼ਾਨੇ ਤੇ ਹਾਕਮ ਜਮਾਤਾਂ ਦੀਆਂ ਤਿਜੌਰੀਆਂ ਆਫਰੀਆਂ ਪਈਆਂ ਹਨ, ਉਨ੍ਹਾਂ ਦੀਆਂ ਘੱਟੋ ਘੱਟ ਜ਼ਰੂਰੀ ਲੋੜਾਂ ਵੀ ਪੂਰੀਆਂ ਕਰਨ ਵੇਲੇ ਇਨ੍ਹਾਂ ਨੂੰ ਸੱਪ ਸੁੰਘ ਗਿਆ ਹੈ। ਇਹ ਸਹਾਇਤਾ ਕੋਈ ਖੈਰਾਤ ਨਹੀਂ, ਉਨ੍ਹਾਂ ਦਾ ਬਣਦਾ ਹੱਕ ਹੈ। ਉਨ੍ਹਾਂ ਦੇ ਨੁਕਸਾਨ ਦਾ ਇਵਜ਼ਾਨਾ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ।

ਜਦੋਂ ਕਿ ਲੋਕਾਂ ਦਾ ਸਭ ਕੁਝ ਲੁੱਟਿਆ-ਪੁਟਿਆ ਗਿਆ, ਇਥੋਂ ਤਕ ਕਿ ਉਨ੍ਹਾਂ ਦੇ ਪਹਿਨੇ ਹੋਏ ਕਪੜੇ ਵੀ ਨਾ ਬਚ ਸਕੇ, ਤਾਂ ਹਰ ਮਰਦ ਨੂੰ ਇਕ ਧੋਤੀ, ਇਸਤਰੀ ਨੂੰ ਇਕ ਸਾੜ੍ਹੀ ਤੇ ਬਚਿਆਂ ਨੂੰ ਕੁਝ ਵੀ ਨਹੀਂ ਦਿੱਤਾ ਗਿਆ—ਉਹ ਵੀ ਦਸ ਦਿਨ ਪਿਛੋਂ। ਸਰਕਾਰੀ ਸਹਾਇਤਾ ਸਿਰਫ ਤਿੰਨ ਚਾਰ ਕੇਂਦਰਾਂ ਤਕ ਹੀ ਪਹੁੰਚਦੀ ਸੀ, ਉਹ ਵੀ ਬਹੁਤ ਨਿਗੂਣੀ, ਦੂਰ ਪਿੰਡਾਂ ਤਕ ਸਹਾਇਤਾ ਵਲੰਟੀਅਰ ਟੀਮਾਂ ਨੇ ਹੀ ਪੁਚਾਈ। ਵਿਦੇਸ਼ੀ ਮਾਮਲਿਆਂ ਦੇ ਕੇਂਦਰੀ ਵਜ਼ੀਰ ਸ਼੍ਰੀ ਸਮਰੇਂਦਰ ਕੁੰਦੂ ਨੂੰ ਵੀ ਮੰਨਣਾ ਪਿਆ ਕਿ ਦਿਵੀ ਸੀਮਾ ਇਲਾਕੇ ਦੇ ਅੰਦਰੂਨੀ ਹਿਸਿਆਂ ਤਕ ਸਹਾਇਤਾ ਪੁਚਾਉਣ ਲਈ ਵਲੰਟੀਅਰ ਜਥੇਬੰਦੀਆਂ ਹੀ ਗਈਆਂ। [ਹਿੰਦੂ, 14 ਦਸੰਬਰ] ਹਾਂ, ਭਵਦੇਵਰਾਪਲੀ ਪਿੰਡ ਦਾ ਨਾਂਅ ਜ਼ਰੂਰ ਬਾਰ ਬਾਰ ਰੇਡੀਓ ਤੋਂ ਸੁਣਨ ਤੇ ਅਖ਼ਬਾਰਾਂ 'ਚ ਪੜ੍ਹਨ ਨੂੰ ਮਿਲਿਆ ਹੈ, ਕਿਉਂਕਿ ਇਹ ਇਕ ਸੂਬਾਈ ਵਜ਼ੀਰ ਦਾ ਜੱਦੀ ਪਿੰਡ ਹੈ, ਤੇ ਚੋਣਾਂ 'ਚ, ਜੋ ਨੇੜੇ ਹੀ ਹਨ, ਉਸ ਨੇ ਉਸ ਇਲਾਕੇ ਚੋਂ ਵੋਟਾਂ ਬਟੋਰਨੀਆਂ ਹਨ।

'ਪੇਂਡੂ ਨਿਰਧਨ ਸਭਾ' ਦਿਵੀ ਤਾਲੁਕ ਦੇ ਸਕੱਤਰ ਮੀਰੱਈਆ ਨੇ 22 ਨਵੰਬਰ ਨੂੰ ਭੇਜੇ ਅੱਖੀਂ ਦੇਖੇ ਹਾਲ ਬਾਰੇ ਇਉਂ ਲਿਖਿਆ—"......22 ਨਵੰਬਰ ਤਕ ਕੋਦੂਰ ਤੇ ਜੈਪੁਰਮ ਦੇ ਪਿੰਡਾਂ 'ਚ ਸਰਕਾਰ ਵਲੋਂ ਕੋਈ ਸਹਾਇਤਾ ਨਹੀਂ ਪਹੁੰਚੀ......ਸਹਾਇਤਾ ਦੇ ਸਰਕਾਰੀ ਦਾਅਵੇ ਨਿਰੀਆਂ ਗੱਲਾਂ ਹਨ.......ਇਮਲੀ-ਰਲੇ ਅੱਧ-ਰਿੱਝੇ ਚੌਲਾਂ ਨਾਲ ਪੇਟ ਦੀਆਂ ਖਰਾਬੀਆਂ ਤੇ ਉਲਟੀਆਂ ਆਦਿ ਲੱਗ ਗਈਆਂ ਹਨ (ਅਵਨੀਗੱਡਾ—ਸਰਕਾਰੀ ਸਹਾਇਤਾ ਕੇਂਦਰ ਅੰਦਰ)...... ਹੈਜ਼ਾ ਫੈਲ ਚੁਕਿਆ ਹੈ, ਕੋਈ ਹੈਜ਼ੇ ਦੇ ਟੀਕੇ ਨਹੀਂ ਲਾ ਰਿਹਾ ਹੈ। ਕੰਡਿਆਂ, ਟੁੱਟੇ ਹੋਏ ਕੱਚ ਆਦਿ ਨਾਲ ਹੋਏ ਜ਼ਖ਼ਮਾਂ ਨਾਲ ਟੈਟਨਸ ਹੋ ਗਈ ਹੈ......ਅਜਿਹੀਆਂ ਹਾਲਤਾਂ 'ਚ ਇਹ ਆਸ ਰਖਣੀ ਗੈਰਮੁਨਾਸਬ ਨਹੀਂ ਹੋਵੇਗੀ ਕਿ ਹੜ੍ਹਾਂ ਤੋਂ ਬਚੇ ਅੱਧੇ ਲੋਕਾਂ ਦੀ ਮੌਤ ਹੋ ਜਾਣ ਦੀ ਸੰਭਾਵਨਾ ਹੈ......" [ਇਕ: ਐਂਡ ਪੁਲੀ: ਵੀਕਲੀ, 3 ਦਸੰਬਰ] ਅਤੇ "ਸਹਾਇਤਾ ਕੇਂਦਰਾਂ ਵਿਚ ਲੋਕਾਂ ਨੂੰ ਹੱਤਕ—ਭਰੀਆਂ ਗੱਲਾਂ ਆਖੀਆਂ ਜਾਂਦੀਆਂ ਹਨ......ਸਰਕਾਰ ਹੈਲੀਕਾਪਟਰਾਂ ਰਾਹੀਂ 20000 ਕਿਲੋ ਖੁਰਾਕ ਸੁੱਟਣ ਦਾ ਦਾਅਵਾ ਕਰਦੀ ਹੈ. ਪਰ ਕੋਦੂਰੂ ਤੇ ਅਵਨੀਗੱਡਾ ਅੰਦਰ ਕੋਈ ਖ਼ੁਰਾਕ ਨਹੀਂ ਸੁੱਟੀ ਗਈ" [ਫਰੰਟੀਅਰ, 17 ਦਸੰਬਰ]

ਪੇਂਡੂ ਅਫਸਰਾਂ ਤੇ ਮਾਲ ਮਹਿਕਮੇ ਦੇ ਅਧਿਕਾਰੀਆਂ ਵਲੋਂ ਸਹਾਇਤਾ ਵੰਡਣ ਵੇਲੇ ਹੜ੍ਹ-ਪੀੜਤਾਂ ਕੋਲੋਂ 25 ਰੁ: ਤੋਂ ਲੈਕੇ 50 ਰੁ: ਤਕ ਇਕੱਠੇ ਕਰਨ ਦੀਆਂ ਵੀ ਰਿਪੋਰਟਾਂ ਮਿਲੀਆਂ ਹਨ। [ਇਕ: ਐਂਡ ਪੁਲੀ: ਵੀਕਲੀ, 24 ਦਸੰਬਰ]

ਸਰਕਾਰੀ ਅਫਸਰਾਂ ਤੇ ਸਰਕਾਰੀ ਏਜੰਸੀਆਂ ਤੋਂ ਕਿਤੇ ਵਧ ਕੇ ਵਲੰਟੀਅਰ ਟੋਲੀਆਂ ਕੰਮ ਕਰ ਰਹੀਆਂ ਹਨ ਤੇ ਜੇ ਉੱਜੜੇ ਹੋਏ ਪਿੰਡਾਂ ਦੇ ਲੋਕ ਆਪੋ ਆਪਣੇ ਪਿੰਡਾਂ ਨੂੰ ਵਾਪਸ ਪਰਤੇ ਆ ਰਹੇ ਹਨ ਤਾਂ ਇਹਨਾਂ ਵਲੰਟੀਅਰ ਟੋਲੀਆਂ ਦੀ ਮਦਦ ਨਾਲ ਹੀ। ਪਿੰਡ ਵਾਸੀਆਂ ਦੀਆਂ ਨਿੱਤ ਦੀਆ ਲੋੜਾਂ

ਪੂਰੀਆਂ ਕਰਨ ਲਈ ਕਈ ਵਲੰਟੀਅਰ ਟੋਲੀਆਂ ਨੂੰ ਅਕਸਰ ਪੱਥਰ-ਦਿਲ ਸਰਕਾਰੀ ਅਧਿਕਾਰੀਆਂ ਨਾਲ ਝਗੜਨਾ ਪੈਂਦਾ ਹੈ।

ਪਾਲਕਾਇਤਿੱਪਾ ਪਿੰਡ, ਜ: ਲਾ: ਨ: ਯੂਨੀ. ਦੀ ਟੋਲੀ ਨੇ ਮੁੜ ਵਸਾਇਆ ਹੈ। ਇਸ ਪਿੰਡ ਵਿਚ ਇਕ ਵੀ ਝੁੱਗੀ ਨਹੀਂ ਸੀ ਬਚੀ ਤੇ ਸੱਤ ਸੌ ਵਿਚੋਂ ਚਾਰ ਸੌ ਤੋਂ ਵੱਧ ਲੋਕ ਮੌਤ ਦਾ ਸ਼ਿਕਾਰ ਹੋ ਗਏ ਸਨ। ਜ. ਲਾ: ਨ. ਯੂਨੀ. ਦੀ ਟੋਲੀ ਨੇ ਇਖ਼ਲਾਕੀ ਤੇ ਪਦਾਰਥਕ ਦੋਵਾਂ ਤਰ੍ਹਾਂ ਦੀ ਮਦਦ ਕਰਕੇ ਪਿੰਡ ਵਾਲਿਆਂ ਨੂੰ ਵਾਪਸ ਲਿਆਂਦਾ ਤੇ ਜ਼ਿੰਦਗੀ ਦੇ ਚਿੰਨ੍ਹ ਉਥੇ ਫਿਰ ਉਘੜਣੇ ਸ਼ੁਰੂ ਹੋਏ ਹਨ।

## ਸੰਘਰਸ਼ ਬਿਨਾਂ ਗੁਜ਼ਾਰਾ ਨਹੀਂ

ਹਾਲਾਂ ਕਿ ਅਜਿਹੇ ਵੇਲਿਆਂ ਵਿਚ ਜਦੋਂ ਲੱਖਾਂ ਲੋਕੀਂ ਘਰੋਂ ਬਾਰੋਂ ਉਜੜਕੇ,ਆਪਣੇ ਪਿਆਰਿਆਂ ਨੂੰ ਗੁਆਕੇ ਕਿੰਨੇ ਡੂੰਘੇ ਗਮਾਂ ਦਾ ਸ਼ਿਕਾਰ ਹੋਏ ਹੁੰਦੇ ਹਨ,ਪਰ ਫਿਰ ਵੀ ਲੋਕਦੋਖੀ ਰਾਜ ਮਸ਼ੀਨਰੀ ਉਨ੍ਹਾਂ ਦੀ ਇਸ ਹਾਲਤ ਵੱਲ ਧਿਆਨ ਨਹੀ ਦਿੰਦੀ ਰਹੀ ਤੇ ਅਜਿਹੇ ਗਮਗੀਨ ਸਮਿਆਂ'ਚ ਵੀ ਏਨ੍ਹਾਂ ਉਜੜੇ ਤੇ ਬੇ-ਘਰਬਾਰ ਲੋਕਾਂ ਨੂੰ ਸੰਘਰਸ਼ ਦੇ ਰਾਹ ਤੇ ਚਲਣ ਲਈ ਮਜਬੂਰ ਹੋਣਾ ਪੈਂਦਾ ਰਿਹਾ ਹੈ—ਸੰਖੇਪ ਵੇਰਵਾ ਇਸ ਤਰ੍ਹਾਂ ਹੈ :—

1. 22 ਨਵੰਬਰ ਨੂੰ O. P. D. R. ਤੇ 'ਪੇਂਡੂ ਨਿਰਧਨ ਸਭਾ' ਨੇ ਸਪੈਸ਼ਲ ਕਲੈਕਟਰ ਨੂੰ ਮਿਲ ਕੇ ਸਹਾਇਤਾ ਠੀਕ ਤਰ੍ਹਾਂ ਨਾ ਮਿਲਣ ਦੀ ਸ਼ਿਕਾਇਤ ਕੀਤੀ।
2. 23 ਨਵੰਬਰ ਨੂੰ ਏਨ੍ਹਾਂ ਦੋਵਾਂ ਜਥੇਬੰਦੀਆਂ ਨੇ ਲਗਭਗ ਪੰਜ ਸੌ ਲੋਕਾਂ ਸਮੇਤ ਅਵਨੀਗੱਡਾ ਤਾਲੁੱਕਾ ਹੈਡਕੁਆ-ਟਰ ਅੱਗੇ ਮੁਜ਼ਾਹਰਾ ਕੀਤਾ।
3.. 26 ਨਵੰਬਰ ਨੂੰ ਪੰਜ ਸੌ ਤੋਂ ਦੋ ਹਜ਼ਾਰ ਤੱਕ ਲੋਕਾਂ ਨੇ ਅਵਨੀਗੱਡਾ ਵਿਚ ਫ਼ਿਰ ਮੁਜ਼ਾਹਰਾ ਕੀਤਾ। ਪੁਲਸ ਨੇ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਔਰਤਾਂ ਦੇ ਝੁੰਡ ਨੇ ਘੇਰਾ ਪਾ ਕਿ ਇਹ ਕੋਸ਼ਿਸ਼ ਸਫ਼ਲ ਨਹੀਂ ਹੋਣ ਦਿੱਤੀ।
4· 28 ਨਵੰਬਰ ਨੂੰ ਕੋਡੂਰੂ ਵਿਖੇ ਅਫਸਰਾਂ ਵਲੋਂ 250 ਬੋਰੇ ਚਾਵਲ ਨਾਂ ਵੰਡੇ ਜਾਣ 'ਤੇ ਕੋਈ 250 ਤੋਂ ਵੱਧ ਲੋਕਾਂ ਨੇ ਮੁਜ਼ਾਹਰਾ ਕਰਕੇ ਚਾਵਲ ਵੰਡਾਏ।
5. ਦੋ ਦਸੰਬਰ ਨੂੰ ਨਾਗੇ ਗੱਦਾ ਪਿੰਡ'ਚ ਮੁਜ਼ਾਹਰਾ ਹੋਇਆ।
6. 3 ਦਸੰਬਰ ਨੂੰ ਵੇਕਾਨੂਰੂ ਪਿੰਡ ਵਿਚ ਪਾਣੀ ਦੀ ਸਪਲਾਈ ਕਰਨ ਲਈ ਮੁਜ਼ਾਹਰਾ ਹੋਇਆ।
7. 6 ਦਸੰਬਰ ਨੂੰ ਰਾਸ਼ਨ ਸਪਲਾਈ ਲਈ ਨਾਗਾਲੰਕਾ ਵਿਖੇ ਪੇਂਡੂਆਂ ਅਤੇ ਰਿਜ਼ਰਵ ਪੁਲਸ ਵਿਚਕਾਰ ਲੜਾਈ ਹੋਈ।
8. 9 ਦਸੰਬਰ ਨੂੰ ਕੋਡੂਰੂ ਵਿਖੇ ਫੇਰ ਮੁਜ਼ਾਹਰਾ ਹੋਇਆ।
9. 18 ਦਸੰਬਰ ਨੂੰ D. S. O. ਨੇ ਹੈਦਰਾਬਾਦ ਵਿਖੇ ਸਹਾਇਤਾ ਕੰਮਾਂ ਦੀ ਹੇਰਾ ਫੇਰੀ ਖਿਲਾਫ਼ ਮੁਜ਼ਾਹਰਾਕੀਤਾ।
10. 19 ਦਸੰਬਰ ਨੂੰ ਉਸਮਾਨੀਆਂ ਯੂਨੀ: ਦੇ ਵਿਦਿ-ਆਰਥੀਆਂ ਨੇ ਵੀ ਮੁਜ਼ਾਹਰਾ ਕੀਤਾ।

ਯੂ. ਸੀ. ਸੀ. ਆਰ. ਆਈ. (ਐਮ.ਐਲ.) ਨੇ ਏਸ ਦੌਰਾਨ ਆਪਣੇ 7-8 ਪਰਚਿਆਂ ਵਿਚ ਤੇ 'ਸੰਕੇਤਮ' ਰਾਹੀਂ ਕੁੱਝ ਫੌਰੀ ਮੰਗਾ ਤੇ ਕੁਝ ਲੰਬੇ ਸਮੇਂ ਦੀਆਂ ਮੰਗਾਂ ਰੱਖੀਆਂ ਹਨ ਤੇ ਲੋਕਾਂ ਨੂੰ ਏਨ੍ਹਾਂ ਮੰਗਾ ਨੂੰ ਮਨਾਉਣ ਲਈ ਲਾਮਬੰਦ ਹੋਣ ਦਾ ਸੱਦਾ ਦਿੱਤਾ ਹੈ।

ਸੋ ਅੱਜ ਹਰ ਕੌਮਪ੍ਰਸਤ ਦਾ ਇਹ ਮੁੱਢਲਾ ਫਰਜ ਹੈ ਕਿ ਉਹ ਇਸ ਤਬਾਹੀ ਨੂੰ ਸਿਰਫ ਆਂਧਰਾ ਪ੍ਰਦੇਸ਼ ਦੀ ਤਬਾਹੀ ਨਾ ਸਮਝ ਕੇ ਆਪਣੇ ਆਪ ਨੂੰ ਇਸ ਵਿੱਚ ਹਿੱਸੇਦਾਰ ਸਮਝੇ ਅਤੇ ਜਿਸ ਰੂਪ ਵਿਚ ਵੀ ਸੰਭਵ ਹੋਵੇ,ਉਨ੍ਹਾਂ ਆਪਣੇ ਭਰਾਵਾਂ ਦੇ ਮੋਢੇ ਨਾਲ ਮੋਢਾ ਜੋੜਕੇ ਉਨ੍ਹਾਂ ਨੂੰ ਆਪਣੇ ਪੈਰੀਂ ਖੜ੍ਹਾ ਕਰੇ।

("ਜੈਕਾਰਾ" ਵਿਚੋਂ)


**THINKING OF TRAVEL?**
**WE CAN SAVE YOU MONEY, TIME AND TROUBLE**

**GROUPS – CHARTER – EXCURSION**
**PAY LATER**
**SPECIAL IMMIGRANT FARES AVAILABLE**

**GOYAL TRAVEL**

**4160 FRASER STREET, VANCOUVER 10, B.C.**
**PHONE: 872-7658**

ASSOCIATE OFFICES:
Opposite Nehru Garden, Jullundur City
Near Courts Moga (India) – Phone 2798
Near Courts Jagraon (India) – Phone 252
Bhagat Singh Chowk, Sadar Bazaar Barnala, (India).
Phone 555



**FOR ANY KIND OF**
**PHOTOGRAPHY**
**REMEMBER**
**SANDEEP STUDIO**
**CALL**
**HARCHARAN SINGH JHUTEE**
**435-3634**

# ਕਮਿਊਨਿਟੀ ਮਸਲੇ

- ਉੱਜਲ ਦੋਸਾਂਝ

ਇੰਜ ਲਗਦਾ ਹੈ ਜਿਵੇਂ ਆਉਣ ਵਾਲੇ ਇਕ ਸਾਲ ਦੇ ਅੰਦਰ ਅੰਦਰ ਵੈਨਕੂਵਰ ਦੇ ਨਿਵਾਸੀਆਂ ਨੂੰ ਤਿੰਨ ਚੋਣਾਂ ਵਿਚੋਂ ਦੀ ਲੰਘਣਾ ਪਏ। ਚੋਣਾਂ ਵਿਚ ਵੋਟ ਪਾ ਕੇ ਹਿੱਸਾ ਲੈਣਾ ਹਰ ਕੈਨੇਡੀਅਨ ਦਾ ਹੱਕ ਹੈ। ਹੱਕ ਹੀ ਨਹੀਂ - ਨਾਲ ਨਾਲ ਫਰਜ਼ ਵੀ ਹੈ।

ਸਾਰੇ ਕੈਨੇਡਾ ਵਿਚ ਧੜਾ ਧੜ ਉਮੀਦਵਾਰ ਸਾਰੀਆਂ ਪਾਰਟੀਆਂ ਵਲੋਂ ਨਾਮਜ਼ਦ ਕੀਤੇ ਜਾ ਰਹੇ ਹਨ - ਕੈਨੇਡਾ ਦੀਆਂ ਕੇਂਦਰੀ ਚੋਣਾਂ ਦੇ ਲਈ। ਇਸ ਦੇ ਨਾਲ ਨਾਲ ਹੁਣ ਤੋਂ ਹੀ ਵੈਨਕੂਵਰ ਦੀਆਂ ਮਿਉਂਸਪਲਟੀ ਦੀਆਂ ਚੋਣਾਂ ਦੀਆਂ ਤਿਆਰੀਆਂ ਸਾਰੇ ਗਰੁੱਪਾਂ ਵਲੋਂ ਕੀਤੀਆਂ ਜਾ ਰਹੀਆਂ ਹਨ। ਉਧਰ ਬੀ.ਸੀ. ਵਿਚ ਸੂਬੇ ਦੀਆਂ ਚੋਣਾਂ ਬਾਰੇ ਵੀ ਚਰਚਾ ਹੋ ਰਹੀ ਹੈ। ਮੈਂ ਆਪ ਨੂੰ ਇਹ ਨਹੀਂ ਦੱਸਣਾ ਚਾਹੁੰਦਾ ਕਿ ਤੁਸੀਂ ਕਿਹੜੀ ਪਾਰਟੀ ਨੂੰ ਵੋਟ ਪਾਇਓ - ਕਿਉਂਕਿ ਇਹ ਗੱਲ ਜਚੇਗੀ ਨਹੀਂ। ਇਹ ਛੋਟਾ ਜਿਹਾ ਲੇਖ ਹਰ ਮਹੀਨੇ ਆਪ ਨੂੰ ਜਾਣਕਾਰੀ ਦੇਣ ਲਈ ਦਿੱਤਾ ਜਾਂਦਾ ਹੈ। ਇਸ ਵਾਰੀ ਵੀ ਆਪ ਨੂੰ ਕੁਝ ਉਹਨਾਂ ਮਸਲਿਆਂ ਬਾਰੇ ਦੱਸਾਂਗਾ ਜਿਹੜੇ ਮਹੱਤਵ ਪੂਰਨ ਹਨ ਅਤੇ ਜਿਹਨਾਂ ਨੂੰ ਚੋਣਾਂ ਵਿਚ ਵੋਟਾਂ ਪਾਉਣ ਸਮੇਂ ਸਾਹਮਣੇ ਰੱਖਿਆ ਜਾਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਕਿ ਕੋਈ ਮੇਰੇ ਉਤੇ [illegible] ਦਾ ਦੋਸ਼ ਲਾਵੇ - ਮੈਂ ਆਪ ਹੀ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ 1968 ਵਿਚ ਕੈਨੇਡਾ ਆਉਣ ਤੋਂ ਬਾਅਦ 1969 ਤੋਂ ਹੁਣ ਤੱਕ N.D.P. ਦਾ ਮੈਂਬਰ ਰਿਹਾ ਹਾਂ ਅਤੇ ਹੁਣ ਵੀ ਹਾਂ। ਸੋ ਮੇਰੇ ਵਿਚਾਰਾਂ ਨੂੰ ਪੜ੍ਹਦੇ ਸਮੇਂ ਮੇਰੇ ਇਸ ਝੁਕਾਅ ਬਾਰੇ ਤੁਹਾਨੂੰ ਭੁੱਲਣਾ ਨਹੀਂ ਚਾਹੀਦਾ।

ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਿ ਬੇਰੁਜ਼ਗਾਰੀ ਅਤੇ ਆਰਥਕ ਮੰਦਵਾੜੇ ਦਾ ਮਸਲਾ ਇਸ ਵਕਤ ਸਭ ਤੋਂ ਵੱਡਾ ਮਸਲਾ ਹੈ, ਜਿਸ ਬਾਰੇ ਹਰ ਕੈਨੇਡੀਅਨ ਨੂੰ ਚਿੰਤਾ ਹੈ। ਨਾਲ ਨਾਲ ਡਾਲਰ ਦੀ ਘੱਟ ਰਹੀ ਕੀਮਤ ਲਗਾਤਾਰ ਨਜ਼ਰ ਆ ਰਹੀ ਹੈ। ਕੈਨੇਡਾ ਆਰਥਿਕ ਤੌਰ ਤੇ ਬਿਮਾਰ ਨਜ਼ਰ ਆ ਰਹਾ ਹੈ। ਸਾਡਾ ਕੈਨੇਡੀਅਨ ਡਾਲਰ ਅਮਰੀਕਨ ਡਾਲਰ ਦੇ ਮੁਕਾਬਲੇ ਚ, 1929 ਤੋਂ ਬਾਅਦ ਸਭ ਤੋਂ ਘੱਟ ਕੀਮਤ ਰੱਖਦਾ ਹੈ। ਹੋ ਸਕਦਾ ਹੈ ਕੈਨੇਡੀਅਨ ਡਾਲਰ ਦੀ ਕੀਮਤ ਘੱਟਣ ਨਾਲ ਕੁਝ ਉਦਯੋਗਾਂ ਉਤੇ ਚੰਗਾ ਅਸਰ ਪਵੇ - ਪਰ ਕੁਝ ਹਿੱਸਿਆਂ ਉਤੇ ਖਾਸ ਕਰਕੇ ਦਰਾਮਦ ਦੀਆਂ ਵਸਤਾਂ ਦੀ ਕੀਮਤ ਵਧੇਗੀ ਅਤੇ ਕੈਨੇਡੀਅਨ ਆਰਥਕ ਹਾਲਤ ਨੂੰ ਹੋਰ ਨੁਕਸਾਨ ਪਹੁੰਚੇਗਾ।

ਖਾਣ ਪੀਣ ਦੀਆਂ ਵਸਤਾਂ ਦੀ ਪਹਿਲੋਂ ਹੀ ਕੀਮਤ ਬਹੁਤ ਵੱਧ ਰਹੀ ਹੈ ਅਤੇ ਲਗਦਾ ਹੈ ਸਾਰਾ ਸਾਲ ਹੀ ਵਧਦੀ ਰਹੇਗੀ। ਅਸੀਂ ਕੱਚਾ ਮਾਲ ਬਾਹਰ ਭੇਜ ਕੇ ਪੱਕਾ ਮਾਲ ਬਾਹਰੋਂ ਮੰਗਵਾਉਂਦੇ ਹਾਂ। ਇੰਕਮ ਟੈਕਸ ਵੀ ਇਸ ਸਾਲ ਵਧਾਇਆ ਜਾ ਰਿਹਾ ਹੈ ਅਤੇ ਤਨਖਾਹਾਂ ਤ, ਹੋਏ ਵਾਧੇ ਟੈਕਸ ਦੇ ਮੂੰਹ ਪੈ ਜਾਣਗੇ। ਤਨਖਾਹਾਂ ਤ, ਵਾਧਿਆਂ ਉਤੇ ਹਰ ਵਿਅਕਤੀ ਉਤੇ ਕੰਟਰੋਲ ਨਹੀਂ। ਕੁਝ ਐਸੇ ਹਨ ਜਿਹੜੇ ਮੂੰਹ ਮੰਗੇ ਵਾਧੇ ਖਾਣ ਰਹੇ ਨੇ - ਅਤੇ ਕੁਝ ਨੇ ਜਿਨ੍ਹਾਂ ਦੇ ਕੰਟਰੈਕਟ ਨਾਲ ਮਿੱਥੇ ਵਾਧੇ "ANTI-INFLATION-BOARD" ਵਲੋਂ ਨਾ ਮਨਜ਼ੂਰ ਕੀਤੇ ਜਾ ਚੁੱਕੇ ਹਨ।

ਹੋ ਸਕਦਾ ਹੈ ਕੇਂਦਰੀ ਚੋਣਾਂ ਜੂਨ ਜਾਂ ਜੁਲਾਈ ਦੇ ਮਹੀਨੇ ਵਿਚ ਹੋਣ। ਇਹਨਾਂ ਚੋਣਾਂ ਵਿਚ ਇਹ ਹਰ ਵੋਟਰ ਨੂੰ ਚਾਹੀਦਾ ਹੈ ਕਿ ਉਹ ਅੱਜ ਦੀ ਆਰਥਕ ਹਾਲਤ ਨੂੰ ਸਾਹਮਣੇ ਰੱਖ ਕੇ ਵੋਟ ਦੇਵੇ।

ਸੂਬੇ ਦੀਆਂ ਫੌਜਾਂ ਦੀ ਵੀ ਭਰਤੀ ਜਾਰੀ ਹੈ। ਇਸ ਪੱਧਰ ਉੱਤੇ ਦੀ ਆਰਥਿਕ ਮੰਦਵਾੜਾ ਤੇ ਬੇਰੁਜ਼ਗਾਰੀ ਹੀ ਸਭ ਤੋਂ ਵੱਡੇ ਮਸਲੇ ਹਨ। ਬੀ.ਸੀ ਵਿਚ ਇਸ ਵਕਤ 1,20,000 ਕਾਮੇ ਬੇਰੁਜ਼ਗਾਰ ਹਨ। ਵੈਨਕੂਵਰ ਦੀਆਂ ਆਉਣ ਵਾਲੀਆਂ ਮਿਉਂਸਪਿਲਟੀ ਦੀਆਂ ਚੋਣਾਂ ਜੋ ਕਿ ਨਵੰਬਰ 1978 ਵਿਚ ਹੋਈਆਂ ਹਨ ਬਾਰੇ ਸਭ ਨਾਲੋਂ ਵੱਡਾ ਮਸਲਾ ਹਲਕੇ ਦੀ ਪ੍ਰਤੀਨਿਧਤਾ ਦਾ ਹੋਵੇਗਾ। ਅੱਜ ਦੇ ਢਾਂਚੇ ਵਿਚ ਵੈਨਕੂਵਰ ਦੇ ਬਹੁਤੇ ਕੌਂਸਲ ਮੈਂਬਰ ਵੈਨਕੂਵਰ ਦੇ ਪੱਛਮੀ ਹਲਕੇ ਵਿਚ ਰਹਿਣ ਵਾਲੇ ਹਨ - ਸਿਰਫ ਇਕ ਜਾਂ ਦੋ ਹਨ ਜੋ ਵੈਨਕੂਵਰ ਦੇ ਪੂਰਬੀ ਹਲਕੇ ਚ, ਰਹਿਣ ਵਾਲੇ ਹਨ। ਇਸ ਨਾਲ ਪੂਰਬ ਦੀ ਪ੍ਰਤੀਨਿਧਤਾ ਚੰਗੀ ਤਰ੍ਹਾਂ ਨਹੀਂ ਹੁੰਦੀ। ਕਿੰਨਾ ਚੰਗਾ ਹੋਵੇ ਕਿ ਵੈਨਕੂਵਰ ਨੂੰ ਮਿਉਂਸਪਿਲਟੀ ਚੋਣਾਂ ਲਈ ਵੀ ਹਲਕਿਆਂ ਵਿਚ ਵੰਡ ਦਿੱਤਾ ਜਾਵੇ - ਅਤੇ ਹਰ ਹਲਕੇ ਦੇ ਲੋਕਾਂ ਨੂੰ ਪ੍ਰਤੀਨਿਧਤਾ ਹਾਸਲ ਹੋ ਸਕੇ।

---

# ਇਕ ਰੀਪੋਰਟ

- ਹਰਦੇਵ ਵੜੈਚ

23 ਮਾਰਚ 1978 ਵਾਲੇ ਦਿਨ ਕਾਰਪੈਂਟਰਜ਼ ਹਾਲ ਨਿਊਵੈਸਟਮਨਿਸਟਰ ਵਿਚ ਸ਼ਹੀਦ ਭਗਤ ਸਿੰਘ ਦਿਵਸ ਮਨਾਇਆ ਗਿਆ। ਸਮਾਗਮ ਦੀਆਂ ਤਕਰੀਰਾਂ ਤੋਂ ਬਾਅਦ ਪੰਜਾਬੀ ਦੇ ਕਲਾਕਾਰਾਂ ਨੇ ਦੇਸ਼-ਪਿਆਰ, ਮਜ਼ਦੂਰ ਅਤੇ ਕਿਸਾਨਾਂ ਦੇ ਗੀਤ ਗਾਏ। ਇਸ ਤੋਂ ਬਿਨਾਂ ਫਿਲਪੀਨ ਤੇ ਚਿੱਲੀ ਦੇ ਦੇਸ਼-ਭਗਤਾਂ ਦੀਆਂ ਜਥੇਬੰਦੀਆਂ ਨੇ ਇਸ ਪ੍ਰੋਗਰਾਮ ਵਿਚ ਆਪਣੇ ਗੀਤ ਗਾਕੇ ਪ੍ਰੋਲੇਤਾਰੀ-ਅੰਤਰਰਾਸ਼ਟਰੀਵਾਦ ਦਾ ਸਬੂਤ ਦਿੱਤਾ। ਗੀਤ ਸੰਗੀਤ ਤੋਂ ਬਾਅਦ ਪੰਜਾਬੀ ਕਲਚਰਲ ਐਸੋਸੀਏਸ਼ਨ ਨੇ ਭੰਗੜਾ ਪਾਕੇ ਸਾਰੇ ਦਰਸ਼ਕਾਂ ਨੂੰ ਮਸਤ ਕਰ ਦਿੱਤਾ। ਭੰਗੜੇ ਤੋਂ ਬਾਅਦ ਅੰਗਰੇਜ਼ੀ ਦੀ ਇਕ ਡਾਕੂਮੈਂਟਰੀ ਫਿਲਮ "THE HUNGRY AUTUMN" ਵਿਖਾਈ ਗਈ। ਫਿਲਮ ਜੋ ਕਿ 1974 ਦੇ ਬੰਗਾਲ ਦੇ ਕਾਲ ਉੱਤੇ ਆਧਾਰਤ ਹੈ, ਇਹ ਦਰਸਾਉਂਦੀ ਹੈ ਕਿ ਭਾਰਤੀ ਲੋਕਾਂ ਦੀ ਗਰੀਬੀ ਤੇ ਕਾਲਾਂ ਦਾ ਕਾਰਣ ਇਹ ਨਹੀਂ ਕਿ ਉਥੇ ਖਾਣ ਦੀਆਂ ਵਸਤਾਂ ਦੀ ਕਮੀ ਹੈ ਬਲਕਿ ਇਸ ਦਾ ਕਾਰਣ ਭਾਰਤ ਵਿਚ ਅਰਧ-ਜਗੀਰੂ ਤੇ ਅਰਧ-ਬਸਤੀਵਾਦੀ ਲੁੱਟ ਹੈ।

ਫਿਲਮ ਤੋਂ ਬਾਅਦ ਗੁਰ ਚੌਹਾਨ ਦਾ ਲਿਖਿਆ ਇਨਕਲਾਬੀ ਨਾਟਕ "ਚੰਗਿਆੜੀ" ਬੜੀ ਸਫਲਤਾ ਨਾਲ ਖੇਡਿਆ ਗਿਆ। ਨਾਟਕ "ਚੰਗਿਆੜੀ" 1974-75 ਦੇ ਸਮੇਂ ਦੀ ਪੰਜਾਬ ਦੇ ਇਕ ਕਿਸਾਨ ਦਲਬਾਰਾ ਸਿੰਘ ਦੀ ਦੁੱਖਾਂ ਭਰੀ ਕਹਾਣੀ ਹੈ। ਨਾਟਕ ਦੇ ਪਾਤਰਾਂ- ਦਲਬਾਰਾ (ਚਰਨਪਾਲ ਗਿੱਲ) ਸੀਤੋ (ਪ੍ਰਮਿੰਦਰ ਵਿਕਰਮ) ਕਾਮਰੇਡ (ਗੁਰ ਚੌਹਾਨ), ਬੀਰੂ (ਬਲਵਿੰਦਰ ਧਾਲੀਵਾਲ) ਜੈਲਾ (ਹਰਦੇਵ ਵੜੈਚ) ਸਾਥੀ ਤੇ ਸਿਪਾਹੀ (ਪ੍ਰਮਜੀਤ ਜੋਹਲ) ਸਾਥੀ (ਗੁਰਮੇਲ ਪੂਨੀਆਂ ਤੇ ਗੁਰਮੇਲ ਧਾਲੀਵਾਲ) ਥਾਣੇਦਾਰ (ਗੁਰਨਾਮ ਸਹੋਤਾ) ਸਿਪਾਹੀ (ਹਰਿੰਦਰ ਮਾਹਲ) ਤੇ ਕੁਲਵੰਤ ਮਾਹਲ ਨੇ ਆਪਣੇ ਆਪਣੇ ਰੋਲ ਬੜੀ ਚੰਗੀ ਤਰ੍ਹਾਂ ਨਿਭਾਏ। ਸੀਤੋ, ਦਲਬਾਰਾ ਤੇ ਬੀਰੂ ਪਾਤਰ ਬਹੁਤ ਹੀ ਸਲਾਹੇ ਗਏ।

ਪ੍ਰੋਗਰਾਮ ਦੌਰਾਨ ਭਾਰਤ ਵਿਚ ਸਿਆਸੀ ਕੈਦੀਆਂ ਦੀ ਰਿਹਾਈ ਲਈ ਜਾਰੀ ਕੀਤੀ ਅਰਜ਼ੀ ਉਪਰ ਲੋਕਾਂ ਵਲੋਂ ਦਸਤਖਤ ਕਰਵਾਏ ਗਏ। ਇਹ ਪ੍ਰੋਗਰਾਮ ਇਪਾਨਾ (IPANA) ਵਲੋਂ ਪੇਸ਼ ਅਤੇ ਤਿਆਰ ਕੀਤਾ ਗਿਆ ਸੀ।

---

# ਨੋਟਿਸ

ਪਿੰਡ ਮੋਗਾਂਵਾਲੀ ਨਿਵਾਸੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਯਾਦ ਵਿਚ ਗੁਰਦੁਆਰਾ ਨਿਊਵੈਸਟ ਵਿਖੇ ਅਪ੍ਰੈਲ 7, 8, 9 ਨੂੰ ਅਖੰਡ ਪਾਠ ਕਰਵਾ ਰਹੇ ਹਨ। ਮੋਗਾਂਵਾਲੀ ਵਿਖੇ ਸ਼ਹੀਦ ਭਗਤ ਸਿੰਘ ਜੀ ਦੇ ਨਾਨਕੇ ਹਨ। ਸੋ ਸਭ ਸਜਣਾ ਅੱਗੇ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਹੁਮ ਹੁਮਾ ਕੇ ਉਸ ਮਹਾਨ ਸ਼ਹੀਦ ਦੀ ਆਤਮਾ ਨੂੰ ਸ਼ਰਧਾਂਜਲੀਆਂ ਭੇਟ ਕਰੋ।

"NAME SAYS IT ALL"

# LOW-COST

**Appliances & Refrigeration Ltd**

**SALES & SERVICE**

We specialize in repairs to all makes and models of:

**WASHERS-DRYERS-STOVES-FREEZERS**
**REFRIDGERATORS**
**ELECTRIC WATER TANKS-DISHWASHERS**

- ਹਰ ਪ੍ਰਕਾਰ ਦੀਆਂ ਘਰੇਲੂ ਬਿਜਲੀ ਮਸ਼ੀਨਾਂ - ਵਾਸ਼ਰ, ਡਰਾਇਰ, ਫਰਿਜ, ਫਰੀਜ਼ਰ ਸਟੋਵ ਤੇ ਡਿਸ਼ਵਾਸ਼ਰ ਆਦਿ ਦੀ ਸਸਤੀ ਤੇ ਭਰੋਸੇ ਯੋਗ ਮੁਰੰਮਤ ਲਈ ਸਾਨੂੰ ਫੋਨ ਕਰੋ।
- ਪਰਧਾਨ ਸਿੰਘ ਤੱਖਰ ਨਾਲ ਪੰਜਾਬੀ ਚ ਵੀ ਗੱਲਬਾਤ ਕੀਤੀ ਜਾ ਸਕਦੀ ਹੈ
- ਨਵੀਆਂ ਤੇ ਮੁਰੰਮਤ ਸ਼ੁਦਾ ਮਸ਼ੀਨਾਂ ਖਰੀਦਣ ਲਈ ਦਰਸ਼ਨ ਦਿਉ।



ਪ੍ਰਧਾਨ ਸਿੰਘ ਤੱਖਰ

PARDHAN S. TAKHAR

Guaranteed Low Prices On:
ADMIRAL - DANBY - GENERAL FREEZER PRODUCTS

PHONE: 584-6372
9630 - 121st Street, Surrey, B.C. V3V 7A7

ਡੈਲਟਾ ਵਿੱਚ ਗਰੋਸਰੀ ਦੀ ਭਾਰੀ ਦੁਕਾਨ

# ਪੰਜਾਬ ਫੂਡ ਸਟੋਰ

੧435 ਸਕਾਟ ਰੋਡ, ਡੈਲਟਾ

ਫੋਨ: 588-4911

ਜਿੱਥੇ ਤੁਹਾਨੂੰ ਹਰ ਕਿਸਮ ਦੀ ਭਾਰਤੀ ਗਰੋਸਰੀ ਜਿਵੇਂ ਆਟਾ, ਦਾਲਾਂ, ਮਸਾਲੇ, ਤੇਲ, ਆਚਾਰ, ਬਦਾਮ ਤੇ ਹੋਰ ਬਹੁਤ ਕੁਝ ਬਹੁਤ ਸਸਤੇ ਭਾਅ ਮਿਲ ਸਕਦਾ ਹੈ।

ਤਾਜ਼ੀਆਂ ਸਬਜ਼ੀਆਂ, ਦੁੱਧ, ਮੱਖਣ ਤੇ ਹੋਰ ਕੈਨੇਡੀਅਨ ਗਰੋਸਰੀ ਵੀ ਮਿਲਦੀ ਹੈ।

ਗਾਣਿਆਂ ਦੀਆਂ 8-ਟਰੈਕ ਟੇਪਾਂ ਵੀ ਮਿਲਦੀਆਂ ਹਨ।

ਹੋਰ ਜਾਣਕਾਰੀ ਲਈ
ਦਰਸ਼ਨ ਦਿਓ ਜਾਂ ਫੋਨ ਕਰੋ!

**588-4911**

**FOR ALL YOUR INSURANCE NEEDS**

# Gill Insurance Services Co. Ltd

**your Autoplan agent, have been serving you for the past years in your CAR, TRUCK etc. Insurance needs.**

**We can also handle your FIRE and LIFE Insurance needs.**

**Contact us before renewing any of your Insurance plans. We can guide you in your best interest.**

**For any information on any type of Insurance contact us**

ਗਿੱਲ ਇੰਸ਼ੋਰੈਂਸ ਵੱਲੋਂ ਆਪ ਸਭ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਤੁਹਾਡੀਆਂ ਕਾਰਾਂ ਤੇ ਲੱਗੀਆਂ ਟੇਪਾਂ ਆਦਿ ਦੀ ਚੋਰੀ ਨੂੰ ਹੁਣ I.C.B.C. ਕਵਰ ਨਹੀਂ ਕਰਦਾ ਇਸ ਲਈ ਅੱਜ ਹੀ ਆਪਦੀਆਂ ਕਾਰਾਂ ਤੇ ਲੱਗੀਆਂ ਟੇਪਾਂ ਆਦਿ ਦਾ ਇੰਸ਼ੋਰੈਂਸ ਸਾਡੇ ਪਾਸੋਂ ਕਰਵਾ ਲਵੋ।

PHONE: **879-5522**
**876-7616**

**Autoplan**
**AUTHORIZED AGENT**

**3905 B KNIGHT St. VANCOUVER B. C.**

President Director K. S. Rangi ph. 321-6015

# ਪਹਿਲਵਾਨੀ ਘਰਾਣਿਆਂ ਦੀਆਂ ਅੱਲਾਂ

## ਬਲਬੀਰ ਸਿੰਘ ਕੰਵਲ

ਅਸੀਂ ਆਪਣੀ ਪੁਸਤਕ 'ਭਾਰਤ ਦੇ ਪਹਿਲਵਾਨ 1635-1935 ਵਿੱਚ ਦੱਸ ਚੁੱਕੇ ਹਾਂ ਕਿ ਅਜੋਕੀ ਕੁਸ਼ਤੀ ਦੇ ਮੋਢੀ ਉਸਤਾਦ ਨੂਰ-ਉ-ਦੀਨ ਪਹਿਲਵਾਨ ਕੁਤਬਿ-ਜ਼ਮਾਂ ਨੇ ਪਹਿਲਵਾਨਾਂ ਦੀਆਂ ਤਿੰਨ ਦਫਾਂ ਬਣਾ ਦਿੱਤੀਆਂ, ਜਿਹੜੀਆਂ ਹੁਣ ਤਕ ਚਲਦੀਆਂ ਆ ਰਹੀਆਂ ਹਨ। ਉਹ ਹਨ : ਨੂਰੇ ਵਾਲੇ ਪਹਿਲਵਾਨ, ਗੌਹਰ ਕੋਟ ਵਾਲੇ ਅਤੇ ਕਾਲੂਵਾਲੇ ਪਹਿਲਵਾਨ। ਜੇਕਰ ਸਾਰੇ ਭਾਰਤ ਦੇ ਲੜਵਈ ਟੋਲਿਆਂ ਦਾ ਸਰਵੇਖਣ ਕੀਤਾ ਜਾਏ, ਤਾਂ ਉਨ੍ਹਾਂ ਵਿਚੋਂ ਤਿੰਨ ਜਾਂ ਚਾਰ ਹੀ ਪ੍ਰਮੁਖ ਮਿਲਣਗੇ, ਜਿਵੇਂ ਕਿ ਜੇਠੀ, ਚੋਬੇ ਅਤੇ ਓਹਛੇ ਜਾਂ ਓਛੇ ਆਦਿ। ਇਨ੍ਹਾਂ ਸਾਰਿਆਂ ਦੀ ਲੜੰਤ ਦਾ ਕੋਈ ਨਾ ਕੋਈ ਵਿਸ਼ੇਸ਼ ਗੁਣ ਹੈ, ਜਿਸ ਦਾ ਜ਼ਿਕਰ ਅਸੀਂ ਕਦੀ ਫਿਰ ਕਰਾਂਗੇ।

ਆਦਿ ਤੋਂ ਹੀ ਭਲਵਾਨਾਂ ਦੇ ਕੁਝ ਘਰਾਣਿਆਂ ਵਿੱਚ ਕੁਝ ਅੱਲਾਂ ਚਲਦੀਆਂ ਆ ਰਹੀਆਂ ਹਨ ਜਿਵੇਂ ਕਿ ਨੂਨ ਵਾਲੇ ਪਹਿਲਵਾਨ, ਨਾਨੀ ਵਾਲੇ, ਮੁਲਤਾਨੀ ਵਾਲੇ, ਭੁੱਕੀ ਵਾਲੇ, ਬਾਲੀ ਵਾਲੇ, ਬੱਜੋਵਾਲੇ ਅਤੇ ਰੈਣੀਵਾਲੇ ਪਹਿਲਵਾਨ ਆਦਿ।

ਗਾਮੇ ਪਹਿਲਵਾਨ ਹੋਰੀਂ ਨੂਨ ਵਾਲੇ ਕਹਾਏ, ਕਿਉਂਕਿ ਉਸਦੇ ਸਹੁਰੇ ਦਾ ਨਾਂ ਨੂਨ ਪਹਿਲਵਾਨ ਸੀ। ਉਨ੍ਹਾਂ ਦੀ ਇਹ ਅੱਲ ਪੱਕ ਗਈ। ਕੁਝ ਭੁਲੜ ਵੀਰ ਗ਼ਲਤੀ ਨਾਲ ਉਸ ਨੂੰ ਲੂਣ ਵਾਲਾ ਵੀ ਕਹਿੰਦੇ ਹਨ ਕਿਉਂਕਿ ਉਨ੍ਹਾਂ ਦੇ ਖਿਆਲ ਅਨੁ-ਸਾਰ ਗਾਮੇ ਦੇ ਵੱਡੇ ਵਡੇਰੇ ਲੂਣ ਦਾ ਵਿਓਪਾਰ ਕਰਦੇ ਸਨ। ਇਹ ਸਰਾਸਰ ਗ਼ਲਤ ਗੱਲ ਹੈ, ਕਿਉਂਕਿ ਕਿਸੇ ਵੀ ਸਟੇਜ ਤੇ ਉਨ੍ਹਾਂ ਨੇ ਲੂਣ ਦਾ ਵਣਜ ਕਦੀ ਨਹੀਂ ਕੀਤਾ। ਹਾਂ, ਉਸ ਦੇ ਪਿਤਾ ਅਜ਼ੀਜ਼ ਪਹਿਲਵਾਨ ਦਾ ਅੰਮ੍ਰਿਤਸਰ ਵਿਖੇ ਸ਼ਾਲ ਪਸ਼-ਮੀਨਿਆਂ ਦਾ ਵਿਓਪਾਰ ਜ਼ਰੂਰ ਸੀ। ਉਨ੍ਹਾਂ ਦੇ ਪ੍ਰਵਾਰ ਨੂੰ ਹਾਲੇ ਵੀ ਨੂਨ ਵਾਲੇ ਪਹਿਲਵਾਨ ਕਿਹਾ ਜਾਂਦਾ ਹੈ।

ਮੁਲਤਾਨ ਦੇ ਪ੍ਰਸਿੱਧ ਘੁਲਣ ਵਾਲੇ ਪ੍ਰਵਾਰ ਸ਼ਾਹ ਨਵਾਜ਼ ਰੁਸਤਮਿ-ਹਿੰਦ ਪਹਿਲਵਾਨ ਹੋਰਾਂ ਨੂੰ ਸਦਾ 'ਨਾਨੀ ਵਾਲੇ' ਕਹਿ ਕੇ ਪੁਕਾਰਿਆ ਜਾਂਦਾ ਹੈ—ਕਿਉਂਕਿ ਉਸ ਦੀ ਪਾਲਣਾ ਮਾਤਾ ਪਿਤਾ ਮਰ ਜਾਣ ਕਾਰਨ, ਉਸ ਦੀ ਨਾਨੀ ਨੇ ਕੀਤੀ ਸੀ। ਉਸ ਦੇ ਬੰਸ ਵਾਲਿਆਂ ਨੂੰ ਅੱਜ ਵੀ ਲੋਕ 'ਨਾਨੀ ਵਾਲੇ' ਕਹਿ ਕੇ ਸੱਦਦੇ ਹਨ।

ਰਹੀਮ ਪਹਿਲਵਾਨ ਗੁਜਰਾਂਵਾਲੀਏ ਦੇ ਪਿਤਾ ਸੁਲਤਾਨ ਪਹਿਲਵਾਨ ਇਕ ਵੱਡੇ ਪਹਿਲਵਾਨ ਸਨ ਇਸ ਲਈ ਉਹ ਜਾਂ ਅਗਾਂਹ ਉਸਦੀ ਔਲਾਦ ਨੂੰ ਲੋਕ ਸੁਲਤਾਨੀ ਵਾਲੇ ਸੱਦਣ ਲੱਗ ਪਏ।

ਅੰਮ੍ਰਿਤਸਰ ਦਾ ਇਕ ਪ੍ਰਸਿੱਧ ਘੁਲਨੇ ਵਾਲਾ ਪ੍ਰਵਾਰ 'ਭੁਕੀ ਵਾਲਾ' ਕਹਾਇਆ। ਇਨ੍ਹਾਂ ਵਿਚੋਂ ਮੀਰਾਂ ਬਖਸ਼ ਅਤੇ ਅਹਿਮਦ ਬਖ਼ਸ਼ ਪ੍ਰਸਿਧ ਪਹਿਲਵਾਨ ਸਨ। ਇਨ੍ਹਾਂ ਬਾਰੇ ਕਈ ਲੋਕਾਂ ਨੂੰ ਕਈ ਤਰਾਂ ਦੀ ਸ਼ੱਕ ਹੈ। ਕੁਝ ਲੋਕਾਂ ਦਾ ਖਿਆਲ ਹੈ ਕਿ ਉਨ੍ਹਾਂ ਦਾ ਵਾਸ ਭਿੱਖੀ ਵਿੰਡ ਦਾ ਹੋਣ ਕਾਰਨ, ਉਨ੍ਹਾਂ ਨੂੰ ਇਸ ਤਰਾਂ ਕਿਹਾ ਜਾਂਦਾ ਹੈ। ਇਹ ਗੱਲ ਠੀਕ ਨਹੀਂ, ਕਿਉਂਕਿ ਜੱਦੀ ਪੁਸ਼ਤੀ ਉਹ ਖਾਸ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। ਇਕ ਤਸਵੀਰ ਤੇ ਇਨ੍ਹਾਂ ਭਰਾਵਾਂ ਦਾ ਨਾਂ ਉਰਦੂ ਵਿਚ ਬੋਕੀ ਵਾਲੇ ਵੀ ਲਿਖਿਆ ਗਿਆ ਹੈ। ਇਸ ਤੋਂ ਇਹ ਸ਼ੱਕ ਉਤਪਨ ਹੋ ਸਕਦੀ ਹੈ ਕਿ ਉਨ੍ਹਾਂ ਦਾ ਖ਼ਾਨਦਾਨ ਖਬਰੇ ਨਲਕੇ ਲਾਉਣ ਜਾਂ ਨਲਕਿਆਂ ਦੀਆ ਬੋਕੀਆਂ ਬਣਾਉਣ ਦਾ ਕੰਮ ਕਰਦਾ ਸੀ। ਇਹ ਗੱਲ ਵੀ ਗ਼ਲਤ ਹੈ।

ਅਸਲ ਗੱਲ ਤਾਂ ਇਹ ਹੈ ਕਿ ਉਨ੍ਹਾਂ ਦਾ ਪ੍ਰਵਾਰ ਕਦੇ ਅਕਾਲੀਆਂ ਦੇ ਬਾਗ਼ ਦੇ ਪਿਛਲੇ ਪਾਸੇ ਮਿਸ਼ਰੀ ਬਾਜ਼ਾਰ ਅੰਮ੍ਰਿਤਸਰ ਵਿਖੇ ਰਹਿੰਦਾ ਸੀ। ਪਿਛਲੀ ਸਦੀ ਵਿਚ ਬਲੀਆਂ ਦੇਣ ਵਾਲੇ ਲੋਕ, ਬਕਰਿਆਂ ਦੀਆਂ ਸਿਰੀਆਂ ਉਨ੍ਹਾਂ ਦੇ ਘਰ ਲਾਗੇ ਸੁੱਟ ਕੇ ਭੱਜ ਜਾਂਦੇ। ਉਨ੍ਹਾਂ ਦਾ ਪਿਓ ਮੀਰਾ ਅਤੇ ਉਨ੍ਹਾਂ ਦੀ ਮਾਈ ਭਰਮੀ ਵਹਿਮੀ ਨਹੀਂ ਸਨ। ਉਨ੍ਹਾਂ ਦੀ ਮਾਈ ਜਾ ਕੇ ਚੁੱਪ ਚੁਪੀਤੇ ਉਹ ਸਿਰੀਆਂ ਚੁੱਕ ਕੇ ਲੈ ਆਉਂਦੀ ਅਤੇ ਧੋ ਬਣਾ ਕੇ, ਚਾੜ੍ਹ ਕੇ, ਉਨ੍ਹਾਂ ਦੀ ਤਰੀ ਨੂੰ ਤੁੜਕਾ ਛਮਕਾ ਲਾ ਕੇ, ਆਪਣੇ ਪੁੱਤਰਾਂ ਨੂੰ ਖੁਲਾ ਪਿਲਾ ਦਿੰਦੀ। ਸਿਰਫ ਇਸ ਗੱਲ ਕਾਰਨ ਹੀ ਲੋਕਾਂ ਉਸ ਨੂੰ ਲੋਭਣ ਸਮਝਿਆ ਤੇ 'ਭੁਖੀ' ਕਹਿਣ ਲੱਗ ਪਏ। ਉਹ ਆਖਦੇ "ਲਓ ਭਈ ਇਹ ਐਨੀ ਭੁਖੀ ਹੈ ਕਿ ਬਲੀ ਦਿੱਤੇ ਹੋਏ ਬਕਰਿਆਂ ਦੀਆਂ ਸਿਰੀਆਂ ਵੀ ਨਹੀਂ ਛੱਡਦੀ।" ਇਸ ਕਰਕੇ ਉਸ ਦੇ ਪੁਤਰਾਂ ਨੂੰ ਲੋਕੀਂ ਭੁੱਖੀ ਵਾਲੇ ਕਹਿਣ ਲੱਗ ਪਏ ਜਿਹੜਾ ਪਿਛੋਂ ਗ਼ਲਤੁਲਆਮ ਹੋ ਕੇ 'ਭੁੱਕੀਵਾਲਾ' ਰਹਿ ਗਿਆ।

ਗੂੰਗੇ ਹੋਰਾਂ ਦੇ ਖਾਨਦਾਨ ਨੂੰ ਬਾਲੀਵਾਲੇ ਕਿਹਾ ਜਾਂਦਾ ਹੈ। ਉਹ ਇਸ ਤਰ੍ਹਾਂ ਕਿ ਉਨ੍ਹਾਂ ਦੇ ਪਿੰਡ ਚਹਾਰ ਜਾਂ ਝਾਰ ਤੋਂ ਪੂਰਬ ਵਲ ਨੂੰ ਚਾਰ ਮੀਲ ਦੇ ਫਾਸਲੇ ਤੇ ਗੱਧਪੁਰ ਨਾਂ ਦਾ ਇਕ ਪਿੰਡ ਹੈ, ਜਿਥੋਂ ਦਾ ਬਾਨ੍ਹਾ ਪਹਿਲਵਾਨ ਬਹੁਤ ਪ੍ਰਸਿੱਧ ਹੋਇਆ ਹੈ। ਇਹ ਪਿੰਡ ਵੀ ਤਹਿਸੀਲ ਸਿਆਲਕੋਟ ਵਿਚ ਹੈ। ਗੂੰਗੇ ਦਾ ਬਾਬਾ ਸ਼ਮੀਮ ਬੱਟ ਪਹਿਲਵਾਨ ਵੀ ਉਸ ਦੇ ਨਾਲ ਜ਼ੋਰ ਕਰਦਾ ਹੁੰਦਾ ਸੀ। ਬਾਬਾ ਬਾਨ੍ਹਾ ਲਾਡ ਨਾਲ ਸ਼ਮੀਮ ਨੂੰ ਬਾਨ੍ਹੀ ਕਹਿੰਦਾ ਹੁੰਦਾ ਸੀ। ਉਸ ਦੇ ਅਖਾੜੇ ਵਿੱਚ ਬਾਬੇ ਬਾਨ੍ਹੇ ਤੋਂ ਪਿਛੋਂ ਵੱਡਾ ਪਹਿਲਵਾਨ ਇਹ ਸ਼ਮੀਮ ਹੀ ਸੀ। ਕਿਉਂਕਿ ਬਾਨ੍ਹੇ ਦੇ ਹੀ ਸ਼ਾਗਿਰਦਾਂ ਵਿਚੋਂ ਇਕ ਈਸਾਈ ਪਹਿਲਵਾਨ ਦਾ ਨਾਂ ਵੀ ਬਾਨ੍ਹੀ ਸੀ, ਇਸ ਲਈ ਦੋਹਾਂ ਬਾਨ੍ਹੀਆਂ ਵਿੱਚ ਭੁਲੇਖਾ ਪੈ ਜਾਂਦਾ ਸੀ। ਜਿਸ ਦਿਨ ਬਾਨ੍ਹੇ ਨੇ ਜ਼ੋਰ ਨਾ ਕਰਨਾ ਹੋਵੇ, ਤਾਂ ਅਖਾੜੇ ਦੇ ਚਾਲੀ ਮੱਲਾਂ ਨੂੰ ਸ਼ਮੀਮ ਹੀ ਜ਼ੋਰ ਕਰਵਾ ਦਿੰਦਾ ਸੀ। ਕੁਸ਼ਤੀਆਂ ਪੈਣ ਦੇ ਸਮੇਂ ਵੀ ਬਾਨ੍ਹਾ ਅਤੇ ਬਾਨ੍ਹੀ ਇਕੱਠੇ ਜ਼ੋਰ ਕਰਦੇ ਅਤੇ ਬਾਹਰ ਜਾਂਦੇ ਵੀ ਇਕੱਠੇ ਸਨ। ਜਦੋਂ ਕੋਈ ਕਹਿੰਦਾ ਕਿ ਬਾਨ੍ਹੇ ਨੂੰ ਮੇਰੇ ਨਾਲ ਕੱਢੋ ਤਾਂ ਇਸ ਗੱਲ ਤੇ ਬਾਨ੍ਹੀ ਅੱਗੇ ਹੋ ਕੇ ਖੜ੍ਹ ਜਾਂਦਾ ਕਿ ਪਹਿਲਾਂ ਮੇਰੇ ਨਾਲ। ਘੁਲਣ ਤੇ, ਵਿਰੋਧੀਆਂ ਨੂੰ ਉਹ ਹੀ ਢਾਹ ਲੈਂਦਾ ਸੀ, ਅਤੇ ਲੋਕ ਕਹਿਣ ਲੱਗ ਪੈਂਦੇ ਸਨ ਕਿ ਭਈ

ਸਥਾਈ ਕਾਲਮ
ਸੰਜੀਵਨੀ ਬੂਟੀ
(ਹਾਸ ਰਸ)



# ਮੇਰਾ ਰੇਖਾ ਚਿਤਰ ਲਿਖ ਦਿਓ

ਦਲੀਪ ਸਿੰਘ ਭੂਪਾਲ

ਅੰਮ੍ਰਿਤਾ ਪ੍ਰੀਤਮ ਦਾ ਵਿਚਾਰ ਹੈ :
ਬੱਚਾ ਤੇ ਕਵਿਤਾ ਦੋ ਚੀਜ਼ਾਂ,
ਹਨ ਦੁਨੀਆਂ ਦੀ ਬੁਨਿਆਦ।
ਪਰ ਦੋਵੇਂ ਚੀਜ਼ਾਂ ਪੈਦਾ ਹੁੰਦੀਆਂ,
ਜਨਮ-ਪੀੜ ਤੋਂ ਬਾਅਦ।

ਸਾਡੇ ਇਕ ਆਦੀ ਛੜੇ ਮਿਤਰ ਨੂੰ ਮਾਲੀ ਬੋਲੀਆ ਹੋ ਗਿਆ ਹੈ, ਕਿ ਕਿਵੇਂ ਨਾ ਕਿਵੇਂ ਸੰਸਾਰ ਵਿਚ ਉਸ ਦਾ ਨਾਂ ਰਹਿ ਜਾਵੇ। ਉਹ ਦਿਨੇ ਗੁਣਗੁਣਾਉਂਦਾ ਤੇ ਰਾਤੀਂ ਬੜ-ਬੜਾਉਂਦਾ ਰਹਿੰਦਾ :

ਮੇਰੀ ਤੀਬਰ ਇੱਛਾ ਏਹੋ ਹੈ,
ਮੈਂ ਅਮਰ ਜਹਾਂ ਵਿਚ ਹੋ ਜਾਵਾਂ।

ਪਰ ਪੁੱਤਰ ਦੀ ਦਾਤ ਤਾਂ ਸਾਰੀ ਉਮਰ ਉਸ ਦੇ ਘਰ ਬਖ਼ਸ਼ੇ ਜਾਣ ਦੀ ਕੋਈ ਆਸ ਉਮੀਦ ਹੀ ਨਾ ਰਹੀ, ਤੇ ਰਹੀ ਕਵਿਤਾ ਦੀ ਗੱਲ, ਕਵਿਤਾ ਦਾ ਕੜਛਾ ਵੀ ਹਾਲੀ ਤੱਕ ਉਸ ਦੇ ਸਿਰ ਵਿਚ ਨਹੀਂ ਵੱਜਾ।

ਇਸ ਲਈ ਸਾਡਾ ਮਿੱਤਰ ਆਏ ਦਿਨ ਸਾਡਾ ਸਿਰ ਖਾਂਦਾ ਰਹਿੰਦਾ ਹੈ, "ਮੈਂ ਕਿਹਾ, ਭਾਈ ਜਾਨ, ਜ਼ਰਾ ਸਾਡਾ ਰੇਖਾ ਚਿੱਤਰ ਹੀ ਲਿਖ ਛਡੋ। ਏਸ ਬਹਾਨੇ ਸਾਡਾ ਦਰਗਾਹੋਂ ਧੱਕਿਆਂ ਦਾ ਵੀ ਨਾਂ ਬੋਹ ਰਹਿ ਜਾਵੇਗਾ।" ਉਹ ਸਾਨੂੰ ਘਟੋ-ਘੱਟ ਨੜ੍ਹਿਨਵੇਂ ਵਾਰੀ ਆਪਣਾ ਰੇਖਾ-ਚਿਤਰ ਲਿਖਵਾਉਣ ਲਈ ਕਹਿ ਚੁੱਕਾ ਹੈ ਤੇ ਹਰ ਵਾਰੀ ਉਹ ਇੰਜ ਪੋਲੇ ਜਿਹੇ ਮੂੰਹ ਨਾਲ ਆਖ ਛਡਦਾ ਹੈ, ਜਿਵੇਂ ਰੇਖਾ-ਚਿਤਰ ਲਿਖਣਾ ਅੰਬ, ਗਲਾਸ ਜਾਂ ਸਲੇਟ ਦੀ ਤਸਵੀਰ ਬਣਾਉਣ ਦੇ ਤੁੱਲ ਹੋਵੇ। ਜਾਂ ਇੰਜ ਕਹਿ ਲਵੋ ਕਿ ਰੇਖਾ-ਚਿਤਰ ਬਾਣੀਏ ਦੀ ਹੱਟੀ ਤੋਂ ਬਣਿਆ-ਬਣਾਇਆ ਮਿਲਦਾ ਹੈ, ਜਿਹੜਾ ਅਸੀਂ ਪੱਲਿਉਂ ਪੈਸੇ ਖ਼ਰਚ ਕੇ ਉਸ ਨੂੰ ਲੈ ਦੇਣਾ ਸੀ।

ਅਸਲ ਵਿਚ ਸਾਡੇ ਦੋਸਤ ਵਿਚ ਕੋਈ ਵੀ ਅਜਿਹੀ ਵਿਲੱਖਣ ਗੱਲ ਨਹੀਂ ਸੀ, ਜਿਸ ਨਾਲ ਅਸੀਂ ਉਸ ਦਾ ਰੇਖਾ-ਚਿਤਰ ਲਿਖਣ ਲਈ, ਪ੍ਰੇਰਤ ਹੁੰਦੇ। ਖ਼ੈਰ ਅਸੀਂ ਹਰ ਵਾਰ ਇਹ ਕਹਿ ਕੇ ਖਹਿੜਾ ਛੁੜਾਉਂਦੇ, "ਬਈ, ਜਦ ਕਦੀ ਸਾਡਾ ਮੂਡ ਬਣਿਆ, ਅਸੀਂ ਜ਼ਨਾਬ ਦਾ ਰੇਖਾ-ਚਿਤਰ ਜ਼ਰੂਰ ਲਿਖਾਂਗੇ।" ਤੇ ਉਹ ਹਰ ਵਾਰੀ ਊਠ ਵਾਂਗੂੰ ਬੁਲ੍ਹ ਲਮਕਾ ਕੇ ਚਲਿਆ ਜਾਂਦਾ, ਕਿਉਂ ਜੋ ਉਸ ਨੂੰ ਅਸੀਂ ਖੜੇ ਪੈਰ ਰੇਖਾ-ਚਿਤਰ ਜੋ ਲਿਖ ਕੇ ਨਹੀਂ ਦਿੰਦੇ ਸੀ।

ਅਸਲ ਵਿਚ ਸਾਡਾ ਵਿਚਾਰ ਸੀ ਕਿ ਜਿਉਂ-ਹੀ ਸਾਡਾ ਮਿੱਤਰ ਸਾਡੇ ਕੋਲ ਆ ਕੇ ਬੈਠੇਗਾ, ਗੱਲਾਂ-ਬਾਤਾਂ ਮਾਰੇਗਾ, ਅਤੇ ਕੁੱਝ ਹਰਕਤਾਂ ਕਰੇਗਾ, ਅਸੀਂ ਚੁੰਬਕ ਵਾਂਗੂ ਉਹਦੀਆਂ ਚੰਗੀਆਂ-ਮੰਦੀਆਂ ਗੱਲਾਂ ਨੂੰ ਅੰਮ੍ਰਿਤਾ ਪ੍ਰੀਤਮ ਦੇ ਕਹਿਣ ਅਨੁਸਾਰ 'ਸਮੇਂ ਦੀ ਕਾਨੀ' (ਕਾਨੀ ਸਮੇਂ ਦੀ ਸਦਾ ਹੀ ਰਹੀ ਲਿਖਦੀ, ਖ਼ੂਨੀ ਪੱਤਰੇ ਪਿਆਰ ਦੀ ਬੀੜ ਵਾਲੇ) ਨਾਲ ਕਾਨੀ ਬੰਦ ਕਰ ਕੇ ਆਪਣੇ ਮਿੱਤ੍ਰ ਦੇ ਰੇਖਾ-ਚਿਤਰ ਦਾ ਆਟਾ-ਦਲੀਆ ਕਰ ਛੱਡਾਂਗੇ।

ਪਰ ਕਈ ਮਹੀਨਿਆਂ ਤਕ ਸਾਡਾ ਮੂਡ ਨਾ ਬਣਿਆ। ਸਾਡੇ ਮਿੱਤਰ ਨੇ ਹਫ਼ਤੇ ਵਿਚ ਦੋ-ਦੋ ਤਿੰਨ-ਤਿੰਨ ਚੱਕਰ ਲਾਉਣੇ ਅਰੰਭ ਕਰ ਦਿਤੇ ਸਨ। ਉਸ ਨੂੰ ਨਿਸਚਾ ਸੀ ਕਿ ਊਠ ਦਾ ਬੁਲ੍ਹ ਕਦੀ ਤਾਂ ਡਿਗੇਗਾ ਹੀ! ਪਰ ਸਾਡੇ ਮੂਡ ਦਾ ਇਹ ਹਾਲ ਬਣਿਆ ਖੜਾ ਸੀ, "ਛੰਦ ਪਰਾਗੇ ਆਈਏ ਜਾਈਏ, ਆਈਏ ਆਈਏ, ਨਾ ਆਈਏ ਨਾ ਆਈਏ।' ਤੇ ਜਿਉਂ-ਜਿਉਂ ਅਸੀਂ ਆਪਣੇ ਮਿੱਤਰ ਨੂੰ "ਅਜੇ ਸਾਡੀ ਮੂਡ ਨਹੀਂ ਬਣੀ", ਕਹਿ ਕੇ ਟਾਲ-ਮਟੋਲ ਕਰਦੇ ਜਾ ਰਹੇ ਸਾਂ, ਤਿਉਂ-ਤਿਉਂ ਉਸ ਦੀ ਖ਼ੁਸ਼ਕੀ ਦੀ ਵੋਲਟੇਜ ਵਧਦੀ ਜਾ ਰਹੀ ਸੀ।

ਜਿੰਨੀ-ਵਾਰੀ ਉਹ ਸਾਡੇ ਕੋਲ ਆਉਂਦਾ, ਅਸੀਂ ਉਸ ਨੂੰ ਘਰ ਵਿਚਲੀ ਸਭ ਤੋਂ ਘੱਟ ਟੁੱਟੀ ਮੰਜੀ ਉੱਤੇ ਹੱਦ ਤੋਂ ਵਧ ਪਿਆਰ ਨਾਲ ਬਿਠਾਉਂਦੇ, ਚਾਹ ਪਾਣੀ ਅਤੇ ਪਰਸ਼ਾਦ ਛਕਾਉਂਦੇ, ਐਧਰਲੀਆ-ਉਧਰਲੀਆਂ ਗੱਲਾਂ ਅਤੇ ਗੱਪਾਂ-ਸ਼ਪਾਂ ਮਾਰ ਕੇ ਉਸ ਦਾ ਜੀਅ ਲੁਆਉਂਦੇ, ਰਾਜ-ਨੀਤੀ ਦੀਆਂ ਗੱਲਾਂ ਚਲਾਉਂਦੇ, ਫ਼ਿਲਮਾਂ ਦੇ ਚਰਚੇ ਕਰਦੇ, ਇਸਤਰੀਆਂ ਵਲੋਂ ਸਰੀਰਾਂ ਦੀ ਵਧ ਤੋਂ ਵਧ ਨੁਮਾਇਸ਼ ਕਰਨ ਦੀ ਰੁਚੀ ਨੂੰ ਕੋਸਦੇ। ਕਹਿੰਦੇ ਹਨ ਦਸਤਾਰ, ਰਫ਼ਤਾਰ ਅਤੇ ਗੁਫ਼ਤਾਰ ਤੋਂ ਬੰਦਾ ਪਛਾਣਿਆਂ ਜਾਂਦਾ ਹੈ। ਇਸ ਮੰਤਵ ਨਾਲ ਅਸੀਂ ਉਸ ਦੀ ਗੁਫ਼ਤਾਰ ਵਿਚੋਂ ਵਿਲੱਖਣਤਾ ਫੜਨ ਦਾ ਯਤਨ ਕਰਦੇ ਸਾਂ। ਉਸ ਦੀ ਦਸਤਾਰ ਤੇ ਗੁਫ਼ਤਾਰ ਤਾਂ ਅਸੀਂ ਚਿਰੋਕਣੇ ਵੇਖ ਬੈਠੇ ਸਾਂ।

ਸੱਚੀ ਗੱਲ ਤਾਂ ਇਹ ਹੈ ਕਿ ਸਾਡੇ ਮਿੱਤਰ ਨੂੰ ਨਾ ਪੜ੍ਹਨ ਦੀ ਮੱਸ ਸੀ ਨਾ ਲਿਖਣ ਦੀ। ਨਾ ਉਹ ਮਿਲਾਪੜਾ ਸੀ ਨਾ ਮਿੱਠ-ਬੋਲੜਾ। ਨਾ ਰੂਪ-ਰੰਗ ਵਲੋਂ ਯਾਸ਼ਫ ਨਾ ਕੱਦ-ਕਾਠ ਵਲੋਂ ਸਿਕੰਦਰ। ਨਾ ਉਹ ਹੱਦ ਦਰਜੇ ਦਾ ਅਮੀਰ ਸੀ, ਨਾ ਕੌਡੀ-ਕੌਡੀ ਨੂੰ ਤਰਸਣ ਵਾਲਾ ਅੰਨ੍ਹਾ ਮੁਥਾਜ। ਉਸ ਦੀ ਆਭਾ ਵਿਚ ਮਨ-ਮੋਹਣੀ ਗੱਲ ਕੋਈ ਨਹੀਂ ਸੀ। ਹਾਂ ਉਸ ਵਿਚ ਕੁਝ ਅਜਿਹੇ ਲਛਣ (ਕੁਲੱਛਣ ਕਹਿ ਲਈਏ ਤਾਂ ਗੱਲ ਵਧੇਰੇ ਜਚੇਗੀ), ਸਾਨੂੰ ਜ਼ਰੂਰ ਦਿਸੇ ਸਨ, ਪਰ ਜਿਨ੍ਹਾਂ ਤੋਂ ਹਰ ਤੱਦਰ

ਪੁਰਸ਼ ਨੂੰ ਬਚਣ ਦੀ ਲੋੜ ਸੀ। ਉਦਾਹਰਣ ਵਜੋਂ : ਉਹ ਹੱਦ ਦਰਜੇ ਦਾ ਕੰਜੂਸ, ਮੱਖੀ ਚੂਸ ਸੀ। ਕਦੀ-ਕਦੀ ਉਹ ਚੋਰੀ ਨਾ ਕਰੇ ਹੇਰਾ-ਫੇਰੀ ਜ਼ਰੂਰ ਕਰ ਲੈਂਦਾ ਸੀ। ਯਾਰਾਂ ਨੂੰ ਮੁਸੀਬਤ 'ਚ ਧੋਖਾ ਦੇ ਜਾਣਾ, ਉਸ ਦਾ ਨਿੱਤ ਦਾ ਸ਼ੁਗਲ ਸੀ। ਉਸ ਦੀ ਭੈੜੀ ਨਜ਼ਰ ਸੰਬੰਧੀ ਲੋਕ ਆਖਦੇ ਸਨ, "ਉਹ ਨਜ਼ਰ ਨਾਲ ਪੱਥਰ ਪਾੜ ਸਕਦਾ ਸੀ।" ਜੇ ਕਿਧਰੇ ਪ੍ਰਾਹੁਣਾਚਾਰੀ ਚਲਿਆ ਜਾਂਦਾ ਤਾਂ ਮੇਜ਼ਬਾਨ ਦੀਆਂ ਚੀਕਾਂ ਕਢਾ ਕੇ ਹੀ ਮੁੜਦਾ ਸੀ। ਮਹਿਮਾਨ-ਨਿਵਾਜ਼ੀ ਦਾ ਇਹ ਆਲਮ ਸੀ ਕਿ ਜੇ ਮਹਿਮਾਨ ਕਿਆਮ ਦਾ ਇਰਾਦਾ ਕਰ ਲੈਂਦਾ ਸੀ ਤਾਂ ਸਾਡਾ ਮਿੱਤਰ ਝਟ ਕੂਚ ਦਾ ਐਲਾਨ ਕਰ ਦਿੰਦਾ ਸੀ। ਮੰਗੀ ਮਾਇਆ, ਪੁਸਤਕ ਜਾਂ ਕੋਈ ਹੋਰ ਵਸਤੂ ਮੋੜਨਾ ਉਸ ਦੀ ਨਿਯਮਾਵਲੀ ਵਿਚ ਸ਼ਾਮਲ ਨਹੀਂ ਸਨ। ਉਧਾਰ ਦੇਣ ਵਾਲੇ ਨੂੰ ਹੀ ਗੁੱਸੇ 'ਚ ਆ ਕੇ ਆਪਣੇ ਆਪ ਨੂੰ ਸੌ-ਸੌ ਗਾਲ੍ਹਾਂ ਦੇ ਕੇ ਗਲੀ-ਮਹੱਲੇ ਢੌਂਡੀ ਪਿਟਣੀ ਪੈਂਦੀ ਸੀ ਕਿ ਜੇ ਮੈਂ ਅਸਲ-ਨਸਲ ਦਾ ਹੋਇਆ ਤਾਂ ਅੱਗੇ ਤੋਂ ਉਸ ਬੇਈਮਾਨ ਨੂੰ ਕੋਈ ਚੀਜ਼ ਉਧਾਰੀ ਨਹੀਂ ਦੇਵਾਂਗਾ।

ਉਸ ਦੇ ਉਪਰੋਕਤ ਗੁਣਾਂ ਕਰ ਕੇ ਲੋਕ ਸਵੇਰੇ-ਸਵੇਰੇ ਕਾਵਾਂ ਕੁੱਤਿਆਂ, ਪਸ਼ੂਆਂ ਡੰਗਰਾਂ, ਲੂਲ੍ਹਿਆਂ ਲੰਗੜਿਆਂ, ਅੰਨ੍ਹਿਆਂ ਕਾਣਿਆਂ ਤੇ ਕੰਮੀਆਂ ਕਮੀਣਾਂ ਨੂੰ ਤਾਂ ਮੱਥੇ ਲਾਉਣਾ ਚੰਗਾ ਸਮਝਦੇ ਸਨ, ਪਰ ਜੇ ਸਾਡਾ ਮਿੱਤਰ ਕਿਸੇ ਪ੍ਰਾਣੀ ਦੇ ਮੱਥੇ ਲਗ ਗਿਆ ਤਾਂ ਸਮਝੋ ਉਸ ਦਿਨ ਉਸ ਦੀ ਖ਼ੈਰ ਨਹੀਂ। ਅਜਿਹਾ ਪ੍ਰਾਣੀ ਨਿਸਚੇ ਹੀ ਭੁੱਖ ਦੁਖੋਂ ਤਾਂ ਮਰਦਾ ਹੀ ਸੀ ਤੇ ਲੜਾਈ ਝਗੜੇ ਕਿਧਰੋਂ ਛਿੱਤਰ-ਪੌਲੇ ਦਾ ਪਰੋਗਰਾਮ ਵੀ ਉਸ ਲਈ ਬਣ ਜਾਂਦਾ ਸੀ।

ਅਖ਼ੀਰ ਇਕ ਦਿਨ ਸਾਡੀ ਚੰਦਰੀ ਮੁੜ ਬਣ ਹੀ ਗਈ। ਉਸ ਦੇ ਦੈਨਿਕ ਵਿਵਹਾਰ ਅਤੇ ਸੁਭਾਅ ਦੀਆਂ ਸਾਰੀਆਂ ਚੰਗੀਆਂ (ਘੱਟ) ਮੰਦੀਆਂ (ਵਧ) ਗੱਲਾਂ ਅਸੀਂ ਉਸ ਦੇ ਰੇਖਾ-ਚਿਤਰ ਵਿਚ ਫਿਟ ਕਰ ਦਿੱਤੀਆਂ ਅਤੇ ਉਹ ਰੇਖਾ-ਚਿਤਰ ਇਕ ਪ੍ਰਸਿਧ ਰਿਸਾਲੇ ਦੇ ਵਾਰਸ਼ਿਕ ਅੰਕ ਵਿਚ ਛਪਦਾ ਦਿਤਾ।

ਐਤਕੀ ਉਹ ਸਾਡੇ ਕੋਲ ਕਈ ਦਿਨਾਂ ਪਿਛੋਂ ਆਇਆ, ਉਸ ਵਲੋਂ ਰੇਖਾ-ਚਿਤਰ ਦੀ ਗੱਲ ਛੇੜਨ ਤੋਂ ਪਹਿਲਾਂ ਹੀ ਅਸੀਂ ਉਹ ਰਿਸਾਲਾ ਉਸ ਦੇ ਅੱਗੇ ਕਰ ਕੇ ਹੱਥ ਬੰਨ੍ਹ ਕੇ ਕਿਹਾ, "ਤੁਹਾਡਾ ਰੋਜ਼-ਰੋਜ਼ ਦਾ ਉਲਾਂਭਾ ਲਾਹ ਛਡਿਆ ਹੈ ਮਹਾਰਾਜ ! ਤੁਹਾਡੇ ਰੇਖਾ-ਚਿਤਰ ਦਾ ਕਲਿਆਨ ਕਰ ਦਿਤਾ ਹੈ। ਦੇਰੀ ਲਈ ਖ਼ਿਮਾ ਕਰਨਾ।" ਉਸ ਦੇ ਚਿਹਰੇ ਤੇ ਪ੍ਰਾਪਤੀ ਦੀ ਖ਼ੁਸ਼ੀ ਦੀ ਇਕ ਹਲਕੀ ਜਿਹੀ ਲਹਿਰ ਦੌੜ ਗਈ। ਉਹ ਕਾਹਲੀ-ਕਾਹਲੀ ਰਿਸਾਲੇ ਦੇ ਵਰਕੇ ਉਲਟਾਉਣ ਲਗਾ। ਖ਼ੁਸ਼ੀ ਵਿਚ ਉਸ ਦੇ ਹੱਥੋਂ ਰਿਸਾਲਾ ਖੁੜਕਿਆ. ਪਰ ਉਸ ਨੇ ਆਪਣੇ ਹੱਥਾਂ ਦੀ ਪਕੜ ਪੀਡੀ ਕਰ ਲਈ। ਬੇਸਬਰੀ ਨਾਲ ਉਸ ਨੇ ਆਪਣਾ ਰੇਖਾ-ਚਿਤਰ ਪੜ੍ਹਨਾ ਅਰੰਭਿਆ। ਪਰ ਜਿਉਂ-ਜਿਉਂ ਉਹ ਰੇਖਾ-ਚਿਤਰ ਪੜ੍ਹਦਾ ਗਿਆ, ਉਸ ਦੇ ਮੂੰਹ ਦੀਆਂ ਉਡਦੀਆਂ ਹਵਾਈਆਂ ਮਾਨੋ ਸਾਫ਼ ਦਿਸ ਰਹੀਆਂ ਸਨ। ਉਸ ਦੇ ਚਿਹਰੇ 'ਤੇ ਇਕ ਰੰਗ ਆਉਂਦਾ ਸੀ ਤੇ ਇਕ ਜਾਂਦਾ ਸੀ। ਪੜ੍ਹਦਿਆਂ-ਪੜ੍ਹਦਿਆਂ ਇਕ ਵਾਰ ਉਸ ਘਿਘਿਆਈ ਆਵਾਜ਼ 'ਚ ਪਾਣੀ ਮੰਗਿਆ। ਸਾਡਾ ਮੱਥਾ ਠਣਕਿਆ, ਖੇਡ ਵਿਗੜੇਗੀ। ਹੁਣ ਉਸ ਦਾ ਘਸਮੈਲਾ ਚਿਹਰਾ ਭਖ ਕੇ ਤਾਂਬੇ ਰੰਗਾ ਹੋ ਰਿਹਾ ਸੀ। ਸਾਡੇ ਹੱਥਾਂ ਦੇ ਇਕ-ਇਕ ਕਰ ਕੇ, ਤੋਤੇ ਉੱਡਣ ਲੱਗੇ। ਰੇਖਾ-ਚਿਤਰ ਮੁਕਾ ਕੇ ਉਹ ਗੁਸੀਲੀ ਫੁਰਤੀ ਨਾਲ ਮੰਜੀ ਵਿਚੋਂ ਉਠਿਆ। ਉਸ ਵਾਸਤਾ ਪਾਇਆ, "ਇਹ ਰੇਖਾ-ਚਿਤਰ ਹੈ ਕਿ ਮੇਰਾ ਮਰਸੀਆ ? ਜੇ ਮੈਨੂੰ ਪਤਾ ਹੁੰਦਾ ਤੂੰ ਐਡਾ ਮਿੱਤਰ-ਮਾਰ ਅਤੇ ਵਿਸਾਹ-ਘਾਤ ਨਿਕਲੇਂਗਾ ਤਾਂ ਮੈਂ ਕਦੀ ਭੁੱਲ ਕੇ ਵੀ ਤੇਰੇ ਤਰਲੇ ਨਾ ਕਰਦਾ।" ਉਸ ਦੇ ਚਿਹਰੇ 'ਤੇ ਰੁਹ, ਰੋਸ ਅਤੇ ਰੋਣ ਦੇ ਰਲਵੇਂ-ਮਿਲਵੇਂ ਭਾਵ ਸਨ। ਤੇ ਉਹ ਪੂਰੇ ਜ਼ੋਰ ਨਾਲ ਰਿਸਾਲਾ ਸਾਡੇ ਪੈਰਾਂ 'ਚ ਸੁਟ ਕੇ ਕਾਹਲੇ ਕਦਮੀ ਦਹਲੀਜਾਂ ਟੱਪ ਗਿਆ। ਉਹ ਹਾਲੀਂ ਵੀ ਬੁੜਬੁੜਾ ਰਿਹਾ ਸੀ : "ਜੀਸ ਪਏ ਵੱਡੇ ਲਿਖਾਰੀ। ਅਕਲ ਦੀ ਗੱਲ ਕੋਈ ਕਰਨੀ ਨਹੀਂ। ਕਿਸੇ ਦੀ ਕੋਈ ਨਹੀਂ ਮਰਜ਼ੀ ਗਲਤ ਕਰਦਾ ਨਵੇਂ ਲਿਖਾਰੀ ਜੋ। ਮੈਂ ਹੀ ਬਸ, ਜਾਣ ਮੇਰੀ ਜਾਨ ਹੇਠ ਆ ਗਿਆ, ਜੋ ਸਟਾਂਗਾ ਚੱਕ, ਮੰਨੇ ਤੂੰ।" ਤੇ ਉਸ ਦੀਆਂ ਚੀਕੀਆਂ ਚਿਰਖਣ ਦੀ ਆਵਾਜ਼ ਸਾਨੂੰ ਸਾਫ਼ ਸੁਣਾਈ ਦੇ ਰਹੀ ਸੀ।

'ਸਚ ਕੌੜਾ ਹੁੰਦਾ ਹੈ' ਦੇ ਅਰਥ ਅਸੀਂ ਸਾਕਾਰ ਰੂਪ ਵਿਚ ਵੇਖ ਰਹੇ ਸਾਂ। ਭਾਵੇਂ ਇਸ ਘਟਨਾ ਨਾਲ ਸਾਡਾ ਸਾਰਾ ਹਸਣਾ ਨਿਕਲਿਆ ਗਿਆ ਸੀ, ਪਰ ਇਸ ਮਾਨਸਿਕ ਜਵਾਰ-ਭਾਟੇ 'ਚ ਵੀ ਸਾਨੂੰ ਕੁਝ ਕੁਝ ਸਮਝ ਲੱਗ ਰਹੀ ਸੀ ਕਿ ਸਾਡੇ ਮਿੱਤਰ ਦਿਨੋਂ ਦਿਨ ਘਟਦੇ ਕਿਉਂ ਜਾ ਰਹੇ ਸਨ।

ਸਫ਼ਾ 33 ਦੀ ਬਾਕੀ


ਬਾਨ੍ਹਾ ਤਾਂ ਰਿਹਾ ਇਕ ਪਾਸੇ, ਛੋਟੀ ਬਾਨ੍ਹੀ ਹੀ ਕਿਸੇ ਨੂੰ ਨਹੀਂ ਛੱਡਦੀ।

ਪਰ ਕਿਉਂਕਿ ਉਸ ਈਸਾਈ ਬਾਨ੍ਹੀ ਅਤੇ ਇਸ ਬਾਨ੍ਹੀ ਵਿੱਚ ਭੁਲੇਖਾ ਪੈ ਜਾਂਦਾ ਸੀ, ਇਸ ਲਈ ਬਾਬਾ ਬਾਨ੍ਹਾ ਨੇ ਸ਼ਮੀਮ ਬੱਟ ਦਾ ਨਾਂ ਬਾਨ੍ਹੀ ਦੀ ਥਜਾਏ, ਬਾਲੀ ਰੱਖ ਦਿੱਤਾ, ਜਿਸ ਤੋਂ ਇਨ੍ਹਾਂ ਦੇ ਖਾਨਦਾਨ ਦੀ ਇਹ ਅੱਲ ਪੈ ਗਈ, ਜਿਹੜੀ ਅੱਜ ਤਕ ਚਲਦੀ ਆ ਰਹੀ ਹੈ।

ਏਸੇ ਤਰਾਂ ਮੁਲਤਾਨ ਦੇ ਮਹਾਨ ਪਹਿਲਵਾਨ ਅੱਲਾ ਦਿੱਤਾ ਅਤੇ ਕਾਦਰ ਬਖ਼ਸ਼ ਹੋਰਾਂ ਦਾ ਉਸਤਾਦ ਖ਼ੁਜਾ ਜਾਂ ਬੱਜਰ ਪਹਿਲ-ਵਾਨ ਸੀ, ਇਸ ਲਈ ਉਨ੍ਹਾਂ ਨੂੰ 'ਬੱਜੇਵਾਲੇ' ਸੱਦਿਆ ਜਾਣ ਲੱਗ ਪਿਆ।

ਏਸੇ ਤਰਾਂ ਮੰਨੀ ਹੋਰਾਂ ਵਿਚੋਂ ਉਸਦਾ ਪਿਓ ਰੰਣੀ ਪਹਿਲ-ਵਾਨ ਬਹੁਤਾ ਤਕੜਾ ਸੀ, ਇਸ ਲਈ ਉਨ੍ਹਾਂ ਦੇ ਟੱਬਰ ਨੇ ਅਗਾਹ ਆਪਣੇ ਲੜੀਦਾਰਾਂ ਲਈ ਉਸਦਾ ਨਾਂ ਸ਼ਮਿਲਤ ਕਰ ਲੈਣਾ ਵਾਜਬ ਸਮਝਿਆ. ਇਸ ਲਈ ਉਹ ਰੈਣੀਵਾਲੇ ਸਦਾਏ।

ਮਿੰਨੀ ਕਹਾਣੀਆਂ:



# ਸਰਬ ਪ੍ਰਥਮ

## ਕਾਲੀ ਦਾਸ ਸੇਨ

ਓਵਰਸੀਅਰ ਬੇਨ ਅਦਮ ਇਕ ਰਾਤ ਅਚਾਨਕ ਨੀਂਦਰੋਂ ਜਾਗਿਆ। ਸਾਹਮਣੇ ਵੇਖਦਾ ਹੈ—ਵੱਡਾ ਸਾਹਿਬ ਕਿਸੇ ਫਾਇਲ 'ਚ ਮਗਨ ਹੈ। ਉਹ ਚਲ ਕੇ ਚੁਪਚਾਪ ਉਹਨਾਂ ਦੇ ਪਿਛੇ ਜਾ ਖਲੋਤਾ।

'ਜਾਣਦੇ ਹੋ ਬੇਨ ਅਦਮ, ਇਹ ਕੀ ਹੈ ?'

'ਨਹੀਂ !'

'ਇਹ ਪ੍ਰਮੋਸ਼ਨ ਫਾਇਲ ਹੈ।'

'ਕੀ ਮੇਰਾ ਨਾਂ ਇਸ 'ਚ ਹੈ ?'

'ਹੈ—ਸਭ ਤੋਂ ਅੰਤ ਚ।'

'ਸਹਿਬ ! ਜੇਕਰ ਕੋਈ ਫਾਇਲ ਹੋਵੇ ਤਾਂ ਲਿਖ ਲਉ ਮੈਂ ਮਰਦੇ ਦਮ ਤਕ ਰਿਸ਼ਵਤ ਨਹੀਂ ਲਵਾਂਗਾ। ਮਿਲਾਵਟ ਨਹੀਂ ਕਰਾਂਗਾ। ਮੈਂ ਆਪਣੇ ਕੰਮ ਨਾਲ ਪਿਆਰ ਕਰਦਾ ਹਾਂ ਤੇ ਈਮਾਨਦਾਰੀ ਨਾਲ ਕਰਦਾ ਰਵਾਂਗਾ।'

ਦੂਜੇ ਦਿਨ ਫਿਰ ਬੇਨ ਅਦਮ ਜਾਗ ਉਠਿਆ। ਵਡੇ ਸਾਹਿਬ ਸਾਹਮਣੇ ਮੁਸਕਰਾ ਰਹੇ ਸਨ।

'ਬੇਨ ਅਦਮ ! ਇਸ ਨਵੀਂ ਫ਼ਾਇਲ 'ਚ ਤੇਰਾ ਨਾਂ ਸਭ ਤੋਂ ਉਤੇ ਹੈ।'

'ਧੰਨਵਾਦ ਸਾਹਿਬ !'

'ਬੇਨ ਆਦਮ ! ਇਹੋ ਟਰਾਂਸਫਰ ਫਾਇਲ ਹੈ।'

# ਤਾਮਰ ਪੱਤਰ

## ਵਸੁਧਾਕਰ ਗੋਸਵਾਮੀ

ਉਹਨਾਂ ਸਵਤੰਤਰਤਾ ਸੰਗਰਾਮ 'ਚ ਹਿਸਾ ਲਿਆ ਸੀ। ਉਹ ਹੁਣੇ ਦਿੱਲੀ ਤੋਂ ਗਣਤੰਤਰ ਦਿਵਸ ਤੇ ਆਪਣੇ ਸਨਮਾਨ 'ਚ ਦਿਤਾ ਗਿਆ ਤਾਮਰ ਪੱਤਰ ਲੈ ਕੇ ਪਰਤੇ ਸਨ। ਘਰ ਆਉਂਦੇ ਹੀ ਉਹ ਸਭ ਤੋਂ ਪਹਿਲਾਂ ਆਪਣੇ ਗੁਆਂਢ ਦੀ ਸਰਕਾਰੀ ਰਾਸ਼ਨ ਦੀ ਦੁਕਾਨ ਤੇ ਗਏ।

'ਵਧਾਈ ਹੋਵੇ। ਤੁਹਾਨੂੰ ਸਰਕਾਰ ਨੇ ਤਾਮਰ ਪੱਤਰ ਦੇ ਕੇ ਤੁਹਾਡਾ ਸਨਮਾਨ ਵਧਾਇਆ ਹੈ।' ਰਾਸ਼ਨ ਦੇ ਦੁਕਾਨਦਾਰ ਨੇ ਕਿਹਾ।

'ਧੰਨਵਾਦ ! ਇਹ ਤੁਸਾਂ ਲੋਕਾਂ ਦਸਿਆ ਸ਼ੁਭਕਾਮਨਾਵਾਂ ਦਾ ਹੀ ਫਲ ਹੈ। ਪਰ ਇਹ ਤਾਮਰ ਪੱਤਰ ਪਾਣਾ ਵਡੀ ਗਲ ਨਹੀਂ ਹੈ। ਤੁਹਾਨੂੰ ਵੀ ਮਿਲ ਸਕਦਾ ਹੈ।'

'ਕਿਵੇਂ ?' ਦੁਕਾਨਦਾਰ ਨੇ ਉਤਸੁਕ ਹੋ ਕੇ ਪੁਛਿਆ।

'ਮੇਰੇ ਕੋਲ ਹੋਰ ਕੁਝ ਨਹੀਂ ਹੈ। ਇਹ ਤਾਮਰ ਪਤਰ ਤੁਸੀਂ ਲੈ ਲਉ। ਮੈਨੂੰ ਪੰਜ ਕਿਲੋ ਕਣਕ ਦੀ ਲੋੜ ਹੈ।' ਸਵਤੰਤਰਤਾ ਸੰਗਰਾਮੀਏ ਨੇ ਨਿਮਰਤਾ ਪੂਰਬਕ ਕਿਹਾ।

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦੀ ਰੈਗੂਲਰ ਮੀਟਿੰਗ ਹਰ ਦੂਜੇ ਐਤਵਾਰ ਸ਼ਾਮ ਦੇ ਤਿੰਨ ਵਜੇ ਫਰੇਜ਼ਰਵਿਊ ਨੇਬਰ-ਹੁੱਡ ਹਾਊਸ 6470 ਵਿਕਟੋਰੀਆ ਡਰਾਈਵ (VICTORIA AND 49TH AVE) ਤੇ ਹੁੰਦੀ ਹੈ। ਅਗਲੀਆਂ ਮੀਟਿੰਗਾਂ ਅਪ੍ਰੈਲ 16 ਤੇ 30 ਨੂੰ ਹੋਣਗੀਆਂ।

ਸਾਹਿਤ ਨਾਲ ਮੋਹ ਰੱਖਣ ਵਾਲੇ ਦੋਸਤਾਂ ਨੂੰ ਸੱਦਾ ਦਿੱਤਾ ਜਾਂਦਾ ਹੈ।

"ਵਤਨੋਂ ਦੂਰ" ਵਿਚ ਕਿਸੇ ਤਰ੍ਹਾਂ ਦੀ ਐਡਵਰਟਾਈਜ਼ ਦੇਣੀ ਹੋਵੇ ਜਾਂ ਹੋਰ ਜਾਣਕਾਰੀ ਵਾਸਤੇ ਕਰਮਜੀਤ ਧੁਆਣ ਨੂੰ ਫੂਨ ਕਰੋ।

ਫੋਨ: 321-6081

## ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:

i) ਨਵਾਂ ਪਤਾ

ii) ਫਿਟ ਨੰਬਰ

iii) ਪੋਸਟਲ ਕੋਡ ਨੰਬਰ

iv) ਟੈਲੀਫੋਨ ਨੰਬਰ

ਸਾਨੂੰ ਭੇਜੋ!

ਵਤਨੋਂ ਦੂਰ
P. O. BOX 67681 ST.N. "O"
VANCOUVER, B.C. V5W 3V2

ਸ੍ਰੀ ਮਾਨ ਜੀ,

- ਮੈਂ ਸੱਤ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਮੈਂ ਦਸ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਅਸੀਂ ਬਾਰਾਂ ਡਾਲਰ ਭੇਜ ਰਹੇ ਹਾਂ। ਕਿਰਪਾ ਕਰਕੇ ਕੈਨੇਡਾ ਵਿਚ ਤਿੰਨਾਂ ਦੇ ਪਤਿਆਂ ਤੇ ਇਕ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ: (ਤਾਂ ਦੇ ਚੰਦੇ ਇਕੱਠੇ ਭੇਜਣ ਤੇ ਦੋ ਡਾਲਰ ਰਿਆਇਤ!)

.......................... ..........................
.......................... ..........................
.......................... ..........................
.......................... ..........................

INDIA'S FAMOUR TANDOORIE CHICKEN

SPECIAL NAAN SAMOSA BHATURA CHANNA

*Weekend Special*

**MAKKI—DI-ROTTI & SAAG**

# Raja

*RESTAURANT LTD.*
(Licensed premises)

CATERING FOR
WEDDINGS & SMALL HOME PARTIES

For pick up
Phone 325-5014

**Indian Sweets**

7271 MAIN STREET (at 57th) VANCOUVER, B.C.

# Super Saver Grocery Store 6236 Fraser St Vancouver

ਹਰ ਕਿਸਮ ਦੀ ਭਾਰਤੀ ਗਰੋਸਰੀ ਖ਼੍ਰੀਦਣ
ਲਈ ਸਾਡੀ ਦੁਕਾਨ ਤੇ ਆਓ ਤੇ
ਜ਼ਰੂਰੀ ਗਰੋਸਰੀ ਤੋਂ ਇਲਾਵਾ ਬੱਕਰੇ
ਦਾ ਤਾਜ਼ਾ ਮੀਟ, ਭਾਰੇ ਥੱਲਿਆਂ ਵਾਲੇ
ਪਤੀਲੇ ਤੇ ਵਿਆਹ-ਸ਼ਾਦੀਆਂ ਤੇ ਦੇਣ
ਲਈ ਇਟਾਲੀਅਨ ਗਿਫਟ-ਵੇਅਰ
ਵੀ ਮਿਲ ਸਕਦੇ ਹਨ।



PAL

***Time: 9 a.m.-9 p.m.***
***Seven days a week.***

**Tel. Bus.324-1838, Res.278-5802**

PHONE ANY TIME FOR
NEW & USED CARS and HALF TON TRUCKS



# MAJER SINGH DHALIWAL

**CAR SALESMAN**

ਨਵੀਂ ਜਾਂ ਪੁਰਾਣੀ ਕਾਰ, ਵੈਨ ਜਾਂ ਪਿਕਅੱਪ ਅਤੇ ਟਰੱਕ ਆਦਿਕ ਤੁਹਾਡੀ
ਪਸੰਦ ਸਸਤੀਆਂ ਕੀਮਤਾਂ ਤੇ ਖਰੀਦਣ ਲਈ ਮੇਜਰ ਸਿੰਘ ਧਾਲੀਵਾਲ
ਨੂੰ ਮਿਲੋ ਜੋ 641–LOUGHEED HWY. (NEAR LOUGHEED MALL)
COQUITLAM, ਵਿਚ ਕਾਰ ਸੇਲਜ਼ਮੈਨ ਹਨ। ਵਧੇਰੇ ਵਾਕਫ਼ੀ ਲਈ ਘਰ
594-2838 ਤੇ ਫੋਨ ਕਰੋ। ਗੈਰੇਜ ਵਿਚ ਪੁੱਜਕੇ ਮੈਨੇਜਰ ਨੂੰ ਕਹੋ
ਕਿ ਤੁਸੀਂ ਮੇਜਰ ਸਿੰਘ ਧਾਲੀਵਾਲ ਨੂੰ ਮਿਲਣਾ ਹੈ।

Bus.
937-7711



Res.
594-2838

**GARY PONTIAC-BUICK & GMC LTD.**

Buying, selling or trading berry farms, homes, and for any other type of real estate need contact:

# Block Bros. Realty Ltd.

**32641 South Fraser Way, Abbotsford**
**853-6411 – Direct Line 524-2215**



SUKHDEV SAHOTA M.A.

RES.: 859-5619

# ਜੋਤਿਸ਼ ਰਾਹੀਂ ਆਪਣਾ ਭਵਿੱਖ ਜਾਣੋ

ਮੁਸ਼ਕਲਾਂ ਤੇ ਕਾਬੂ ਪਾਵੋ ਅੱਜ ਹੀ ਸਲਾਹ ਲਵੋ

**ਮਿਸਿਜ਼ ਮੁਡੇਲਾ 251-3697**

**Mrs. Madella - Spiritual reader and adviser. Palm and tarot card reading. She will help you with your problems in business, health, love affairs, sickness, where others have failed. Special reading by mail with free monthly horoscope. Send $10.00, date of birth and year to - Mrs. Madella. P.O. Box 69784, Station 'K', Vancouver, B.C. V5K 4Y7.**

**TELEPHONE: 251-3697**

# U-DAY APPLIANCE REPAIRS

ਕੀ ਘਰ ਵਿੱਚ ਕੋਈ ਬਹੁਤ ਜ਼ਰੂਰੀ ਬਿਜਲੀ-ਮਸ਼ੀਨ:

* ਫਰਿੱਜ
* ਸਟੋਵ
* ਡਰਾਇਰ
* ਵਾਸ਼ਰ

ਖਰਾਬ ਹੋਣ ਕਰਕੇ ਨਾ-ਖ਼ੁਸ਼ ਹੋ? ਮੁਰੰਮਤ ਲਈ ਫ਼ੋਨ ਕਰੋ:

ਉਦੈ ਕੋਰੋਟਾਣਾ
522-7347

•

**FRIDGES, FREEZES, RANGES, WASHERS & DRYERS**

•

• MOST RELIABLE SERVICE •
at
• REASONABLE RATES •

**Ask for UDAY KOROTANA** **Phone 522-7347**
**810 - 20th St.** **Bus. 521-5517**
**New Westminster**

## If you are looking for
## * Quality
## * Price
## * After Sale Service when buying your car contact



ਹਰ ਪਰਕਾਰ ਦੀ ਕਾਰ ਖਰੀਦਨ ਜਾਂ ਟਰੇਡ ਕਰਨੀ ਹੋਵੇ ਤਾਂ ਕੁਲਦੀਪ ਝੰਡ ਨੂੰ ਕਾਰ ਖਰੀਦਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫੂਨ ਕਰੋ।



**Kuldip Singh Jhand**
**Res. 524-4137**

**OFFICE 521-7731**

**WESTMINSTER CHEVROLET-OLDSMOLILE**
**12 Street & Queens Ave.**
**New Westminster**

# GABA TRAVELS

**4270 FRASER STREET,**
**VANCOUVER**
**PHONE: 876-0812**
**or 876-8121**
**(RAVINDER GABA)**



*We have special groups going to INDIA, FIJI, HONGKONG and CHARTERED FLIGHTS to London.*

Indian, Fijian and Canadian Passports are also arranged.

For your friends or relatives coming from India as visitors or immigrants, we have the following offices in India to serve you better:

1. NURMAHAL (Jullundur) phone 49.
2. ROXY HOTEL BLDG. (Jullundur) phone 74597
3. JANDIALA (Jullundur).
4. 5-L Connought Circus, New Delhi Phone 46459

**Contact: Mr. Manohar Lal Gaba)**


We hold one of the finest Collections in the country in Gold
BHINDI (FIJI) LTD.
734 Granville St.,
Vancouver, B.C.,
(Opp. Eatons)
Phone: 684-8825
"IF YOU DON'T KNOW YOUR JEWELLERY, KNOW YOUR JEWELLER"

**WATNO DUR**
P.O. Box 67681 Stn. "O"
Vancouver, B.C. V5W 3V2

---

# ਫਰੰਟੀਅਰ ਕਲਾਥ ਹਾਊਸ

## WE HAVE QUALITY......
## AS WELL AS QUANTITY

**SPECIALISTS IN:**

* INDIAN SUITS
* SAREES, LEHNGAS
* CAPES, HARS
* AND OTHER INDIAN GOODS
* JAPANESE PRINTS
* PLAIN SAREES
* SUITS
* DRAPES




**HEAD OFFICE: NEW FRONTIER CLOTH HOUSE**
**PHAGWARA (PANJAB)**
**INDIA**

**Phone 2375**

# FRONTIER CLOTH HOUSE

## 6672 MAIN STREET VANCOUVER, B.C.

**Manager Vancouver Branch:**
**SUSHIL BATRA**

TELEPHONE: BUS: **325-4424**
RES: 324-5156

---

WATNO DUR (Far from the Motherland) is a literary and cultural monthly of PANJABI language – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.